3

# ''ਕੀ ਤੂੰ ਸੱਚਮੁੱਚ ਚੰਗਾ ਹੋਣਾ ਚਾਹੁੰਦਾ ਹੈਂ?''

## (ਯੂਹੰਨਾ 5:1-16)

ਯੂਹੰਨਾ 5 ਵਿਚ ਯਿਸੂ ਨੇ ਇਕ ਅਜੀਬ ਸਵਾਲ ਪੁੱਛਿਆ। ਯਿਸੂ ਨੇ ਇਕ ਬੀਮਾਰ ਆਦਮੀ ਨੂੰ ਪੁੱਛਿਆ, ''ਤੂੰ ਚੰਗਾ ਹੋਣਾ ਚਾਹੁੰਦਾ ਹੈਂ?'' (ਆਇਤ 6)। ਆਇਤ 5 ਤੋਂ ਪਤਾ ਲਗਦਾ ਹੈ ਕਿ ਇਹ ਆਦਮੀ ਪਿਛਲੇ *ਅਠੱਤੀ ਸਾਲਾਂ* ਤੋਂ ਬੀਮਾਰ ਸੀ ਅਤੇ ਯਿਸੂ ਨੇ ਉਹ ਨੂੰ ਪੁੱਛਿਆ ਕਿ ਕੀ ਉਹ ਸੱਚਮੁੱਚ ਚੰਗਾ ਹੋਣਾ ਚਾਹੁੰਦਾ ਹੈ!

ਪਹਿਲੀ ਨਜ਼ਰ ਵਿਚ ਤਾਂ ਇਹ ਸਵਾਲ ਬਿਲਕੁਲ ਉਵੇਂ ਹੀ ਬੇਤੁਕਾ ਲਗਦਾ ਹੈ ਜਿਵੇਂ ਕਿਸੇ ਦਾ ਐਕਸੀਡੈਂਟ ਹੋ ਜਾਣ ਤੇ ਅੱਜ ਕੋਈ ਪੁੱਛੇ। ਇਕ ਆਦਮੀ ਬਿਲਕੁਲ ਪਿਸ ਚੁੱਕੀ ਇਕ ਕਾਰ ਕੋਲ ਜਾਂਦਾ ਹੈ। ਕਾਰ ਵਿਚ ਇਕ ਬੰਦਾ ਹੈ ਜਿਹਦੀ ਹਾਲਤ ਬੜੀ ਨਾਜ਼ੁਕ ਹੈ; ਉਹਦੇ ਸਿਰ 'ਚ ਲੱਗੀਆਂ ਸੱਟਾਂ ਚੋਂ ਖ਼ੂਨ ਵਗ ਰਿਹਾ ਹੈ, ਉਹਦੀਆਂ ਹੱਡੀਆਂ ਟੁੱਟ ਕੇ ਕੱਪੜਿਆਂ ਚੋਂ ਬਾਹਰ ਆ ਗਈਆਂ ਹਨ। ਉਹ ਆਦਮੀ ਪੁੱਛਦਾ ਹੈ, ''ਤੁਸੀਂ ਠੀਕ ਹੋ ਨਾ?'' ਇਕ ਔਰਤ ਹਸਪਤਾਲ ਵੱਲ ਭੱਜਦੀ ਹੈ। ਉਹਦੇ ਇਕ ਸਾਥੀ ਦੇ ਸਿਰ ਤੋਂ ਪੈਰਾਂ ਤਕ ਪੱਟੀਆਂ ਬੰਨ੍ਹੀਆਂ ਹੋਈਆਂ ਹਨ ਅਤੇ ਉਹਦੀ ਸ਼ਕਲ ਵਿਗੜ ਗਈ ਹੈ; ਉਹਦੇ ਸਰੀਰ ਵਿਚ ਬਹੁਤ ਸਾਰੀਆਂ ਤਾਰਾਂ ਅਤੇ ਟਿਊਬਾਂ ਲੱਗੀਆਂ ਹੋਈਆਂ ਹਨ। ਇਸ ਦੌਰਾਨ ਉਹ ਔਰਤ ਆਪਣੇ ਜ਼ਖ਼ਮੀ ਸਾਥੀ ਨੂੰ ਪੁੱਛਦੀ ਹੈ, ''ਦਰਦ ਜ਼ਿਆਦਾ ਤਾਂ ਨਹੀਂ ਹੋ ਰਿਹਾ?''

ਇਸ ਉਦਾਹਰਣ ਨੂੰ ਹੋਰ ਵਿਅਕਤੀਗਤ ਬਣਾਉਣ ਲਈ ਮੰਨ ਲਓ ਕਿ ਤੁਹਾਡੀ ਤਬੀਅਤ ਬੜੀ ਵਿਗੜੀ ਹੋਈ ਹੈ ਅਤੇ ਕੋਈ ਤੁਹਾਨੂੰ ਆ ਕੇ ਪੁੱਛਦਾ ਹੈ, ''ਤੁਸੀਂ ਚੰਗੇ ਹੋਣਾ ਚਾਹੋਗੇ?'' ਜਾਂ ਮੰਨ ਲਓ ਕਿ ਕੋਈ ਕਿਸੇ ਅਜਿਹੇ ਬੰਦੇ ਦਾ ਨਾਮ ਲੈਂਦਾ ਹੈ ਜਿਸ ਨਾਲ ਤੁਹਾਡੀ ਨਰਾਜ਼ਗੀ ਸੀ ਅਤੇ ਪੁੱਛਦਾ ਹੈ, ''ਤੁਸੀਂ ਉਹਦੇ ਨਾਲ ਸੁਲ੍ਹਾ ਕਰਨੀ ਚਾਹੋਗੇ?'' ਜਾਂ ਮੰਨ ਲਓ ਕਿ ਤੁਹਾਡੀ ਪਤਨੀ ਨਾਲ ਜਾਂ ਪਰਿਵਾਰ ਵਿਚ ਕੋਈ ਗੜਬੜ ਹੈ ਅਤੇ ਕੋਈ ਤੁਹਾਨੂੰ ਪੁੱਛਦਾ ਹੈ, ''ਆਪਣੀ ਪਤਨੀ ਨਾਲ ਜਾਂ ਪਰਿਵਾਰ ਦੇ ਲੋਕਾਂ ਨਾਲ ਸੁਲ੍ਹਾ ਕਰਨੀ ਚਾਹੋਗੇ?'' ਜਾਂ ਤੁਸੀਂ ਅਪਰਾਧ ਦੇ ਕਿਸੇ ਬੋਝ ਵਿਚ ਹੋ ਤਾਂ ਕੋਈ ਤੁਹਾਨੂੰ ਪੁੱਛਦਾ ਹੈ, ''ਤੁਸੀਂ ਇਸ ਤੋਂ ਛੁਟਕਾਰਾ ਚਾਹੁੰਦੇ ਹੋ?''

ਤੁਹਾਡਾ ਪਹਿਲਾ ਜਵਾਬ ਸ਼ਾਇਦ ਇਹੀ ਹੋਵੇਗਾ ''ਕੈਸਾ ਅਜੀਬ ਸਵਾਲ ਹੈ! ਭਲਾ ਪੁੱਛਣ ਵਾਲੀ ਕਿਹੜੀ ਗੱਲ ਹੈ ਕਿ ਮੈਂ ਚੰਗਾ ਹੋਣਾ ਚਾਹੁੰਦਾ ਹਾਂ (ਜਾਂ ਲੋਕਾਂ ਨਾਲ ਜਾਂ ਆਪਣੀ ਪਤਨੀ ਨਾਲ ਜਾਂ ਆਪਣੇ ਪਰਿਵਾਰ ਨਾਲ ਚੰਗੇ ਸਬੰਧ ਚਾਹੁੰਦਾ ਹਾਂ ਜਾਂ ਪਾਪ ਤੋਂ ਛੁਟਕਾਰਾ ਚਾਹੁੰਦਾ ਹਾਂ)।

ਇਹ ਪੁੱਛਣਾ ਹੀ ਕਿੰਨਾ ਬੇਤੁਕਾ ਹੈ!'' ਅਸੀਂ ਸਭ ਇਹ ਗੱਲਾਂ ਚਾਹੁੰਦੇ ਹਾਂ! ... ਹੈ ਕਿ ਨਹੀਂ?

ਯੂਹੰਨਾ 5: 1-16 ਦਾ ਅਧਿਐਨ ਕਰਦਿਆਂ ਇਹ ਸਭ ਸਵਾਲ ਆਪਣੇ ਦਿਮਾਗ ਵਿਚ ਰੱਖੋ।

ਯਿਸੂ ਨੇ ਗਲੀਲ ਦੀ ਆਪਣੀ ਸੇਵਕਾਈ ਸ਼ੁਰੂ ਕਰ ਦਿੱਤੀ ਸੀ। ਇਸ ਸੇਵਕਾਈ ਦੀ ਇਕ ਖ਼ਾਸ ਗੱਲ ਬੀਮਾਰਾਂ ਦੀ ਚੰਗਾਈ ਸੀ। ਲੋਕਾਂ ਨੂੰ ਸਿਖਾਂਉਦਿਆਂ ਯਿਸੂ ਉਹਨਾਂ ਨੂੰ ਚੰਗਾ ਵੀ ਕਰਦਾ ਸੀ, ਜਿਸ ਨਾਲ ਦੋ ਗੱਲਾਂ ਹੁੰਦੀਆਂ ਸਨ: (1) ਭੀੜ ਇਕੱਠੀ ਹੋ ਜਾਂਦੀ ਸੀ ਅਤੇ (2) ਵਿਰੋਧ ਵਧਦਾ ਸੀ। ਇਸ ਪਾਠ ਵਿਚ ਅਸੀਂ ਇਕ ਚੰਗਾਈ ਦੀ ਘਟਨਾ ਅਤੇ ਉਸ ਤੋਂ ਉੱਠਣ ਵਾਲੇ ਵਿਰੋਧ ਦਾ ਅਧਿਐਨ ਕਰਾਂਗੇ। ਇਸ ਕਹਾਣੀ ਨੂੰ ਪੜ੍ਹਦਿਆਂ ਅਸੀਂ ਯਿਸੂ ਦੁਆਰਾ ਪੁੱਛੇ ਗਏ ਅਜੀਬ ਸਵਾਲ ਕੀ ''ਤੂੰ ਚੰਗਾ ਹੋਣਾ ਚਾਹੁੰਦਾ ਹੈਂ?'' ਤੇ ਵੀ ਵਿਚਾਰ ਕਰਾਂਗੇ।

## ਯਿਸੂ ਨੇ ਤਲਾਅ ਕੰਢੇ ਇਕ ਆਦਮੀ ਨੂੰ ਚੰਗਾ ਕੀਤਾ

ਪਹਿਲਾਂ ਬੈਤਸੈਦਾ ਦੇ ਤਲਾਅ ਲਾਗੇ ਬੰਦੇ ਨੂੰ ਚੰਗਾਈ ਮਿਲਦਿਆਂ ਵੇਖਦੇ ਹਾਂ। ਮੈਂ ਇਹ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਅਸਲ 'ਚ ਇਹ ਤਿਹਰੀ ਚੰਗਾਈ ਸੀ।

**ਦੇਹ ਦੀ ਚੰਗਾਈ (ਯੂਹੰਨਾ 5: 1-6)**

ਅਧਿਆਇ 5 ਸ਼ੁਰੂ ਹੁੰਦਾ ਹੈ, ''ਇਹਦੇ ਪਿੱਛੋਂ ਯਹੂਦੀਆਂ ਦਾ ਇਕ ਤਿਉਹਾਰ ਸੀ ਅਤੇ ਯਿਸੂ ਯਰੂਸ਼ਲਮ ਨੂੰ ਗਿਆ'' (ਆਇਤ 1)। ਕਿਉਂਕਿ ''ਤਿਉਹਾਰ''[1] ਦੇ ਬਜਾਏ ਇਹ ''ਇਕ ਤਿਉਹਾਰ'' ਸੀ ਇਸ ਦਾ ਅਰਥ ਯਹੂਦੀਆਂ ਦੇ ਛੋਟੇ ਤਿਉਹਾਰਾਂ ਵਿੱਚੋਂ ਕੋਈ ਹੋ ਸਕਦਾ ਹੈ, ਜਿਸ ਵਿਚ ਭਾਗ ਲੈਣਾ ਯਹੂਦੀ ਆਦਮੀਆਂ ਲਈ ਜ਼ਰੂਰੀ ਨਹੀਂ ਸੀ। ਅੱਜ ਦੇ ਕੁਝ ਲੋਕਾਂ ਦੇ ਉਲਟ ਜਿਹੜੇ ਬੰਦਗੀ ਵਿਚ ''ਜ਼ਰੂਰੀ ਹੋਣ ਤੇ'' ਜਾਂਦੇ ਹਨ, ਯਿਸੂ ਨੂੰ ਬੰਦਗੀ ਵਿਚ ਜਾਣਾ ਚੰਗਾ ਲਗਦਾ ਸੀ![2]

''ਯਰੂਸ਼ਲਮ ਵਿਚ ਭੇਡਾਂ ਵਾਲੇ *ਦਰਵਾਜ਼ੇ* ਕੋਲ ਇਕ ਤਾਲ ਹੈ ਜੋ ਇਬਰਾਨੀ ਭਾਸ਼ਾ ਵਿਚ ਬੈਥਸਦਾ ਕਰਕੇ ਸਦਾਉਂਦਾ ਹੈ ਜਿਹ ਦੇ ਪੰਜ ਦਲਾਨ ਹਨ'' (ਆਇਤ 2)। ''ਦਰਵਾਜ਼ੇ'' ਸ਼ਬਦ ਇਟੈਲਿਕ (ਤਿਰਛਾ ਕੀਤਾ ਗਿਆ) ਹੈ ਜੋ ਇਹ ਸੰਕੇਤ ਦਿੰਦਾ ਹੈ ਕਿ ਇਸ ਸ਼ਬਦ ਨੂੰ ਅਨੁਵਾਦਕਾਂ ਵੱਲੋਂ ਜੋੜਿਆ ਗਿਆ ਹੈ। ਮੂਲ ਬਾਈਬਲ ਵਿਚ ''ਭੇਡਾਂ ਦੀ *ਚੀਜ਼* ਕੋਲ'' ਹੈ।[3] ਸ਼ਾਇਦ ''ਭੇਡਾਂ ਦੀ ਚੀਜ਼'' ਭੇਡਾਂ ਦਾ ਦਰਵਾਜ਼ਾ ਸੀ ਜਿਸ ਵਿੱਚੋਂ ਦੀ ਕੁਰਬਾਨ ਕੀਤੀਆਂ ਜਾਣ ਵਾਲੀਆਂ ਭੇਡਾਂ ਨੂੰ ਲਿਜਾਇਆ ਜਾਂਦਾ ਸੀ।

ਜਿਸ ਤਲਾਅ ਦਾ ਜ਼ਿਕਰ ਹੈ, ਉਹ ਅੱਜ ਵੀ ਮੌਜੂਦ ਹੈ। ਬੈਥਸੈਦਾ ਦਾ ਅਰਥ ''ਦਇਆ ਦਾ ਘਰ'' ਹੋਵੇਗਾ। ''ਪੰਜ ਦਲਾਨ'' ਤਲਾਅ ਦੇ ਕੰਢੇ ਢੱਕੀ ਹੋਈ ਥਾਂ ਸੀ।

ਅਗਲਾ ਦ੍ਰਿਸ਼ ਰੂਹ ਨੂੰ ਕੰਬਾਉਣ ਵਾਲਾ ਹੈ: ''ਉਹਨਾਂ [ਦਲਾਨਾਂ] ਵਿੱਚ ਰੋਗੀ, ਅੰਨ੍ਹੇ, ਲੰਙੇ ਅਤੇ ਲੂਲ੍ਹੇ ਬਹੁਤ ਸਾਰੇ ਪਏ ਸਨ'' (ਆਇਤ 3)। ਉੱਥੋਂ ਆਉਂਦੀ ਬਦਬੂ ਦਿਮਾਗ਼ ਚਕਰਾ ਦੇਣ ਵਾਲੀ, ਅਤੇ ਦ੍ਰਿਸ਼ ਬੜਾ ਹੀ ਦੁਖੀ ਕਰਨ ਵਾਲਾ ਹੋਵੇਗਾ। ਵੱਖ-ਵੱਖ ਤਰ੍ਹਾਂ ਦੇ ਬੀਮਾਰ, ਉਹਨਾਂ ਦਾ ਕੁਰਲਾਉਣਾ ਅਤੇ ਬਦਬੂ ਨਾਲ, ਕਮਜ਼ੋਰ ਦਿਲ ਵਾਲਾ ਤਾਂ ਉੱਥੇ ਠਹਿਰ ਨਹੀਂ ਸਕਦਾ ਹੋਵੇਗਾ।

ਇੱਥੇ ਆਣ ਕੇ ਕਿੰਗ ਜੇਮਸ ਦੇ ਅਨੁਵਾਦ ਵਾਲੀ [ਅਤੇ ਹਿੰਦੀ-ਅਨੁਵਾਦਕ] ਬਾਈਬਲ ਵਿਚ ਇਹ ਸ਼ਬਦ ਜੋੜੇ ਗਏ ਹਨ:

... ਪਾਣੀ ਦੇ ਹਿੱਲਣ ਦੀ ਆਸ ਵਿਚ। ਕਿਉਂਕਿ ਨਿਯੁਕਤ ਸਮੇਂ ਤੇ ਪ੍ਰਮੇਸ਼ਵਰ ਦਾ ਇਕ ਫ਼ਰਿਸ਼ਤਾ ਤਲਾਅ ਵਿਚ ਉੱਤਰ ਕੇ ਪਾਣੀ ਨੂੰ ਹਿਲਾਉਂਦਾ ਸੀ: ਪਾਣੀ ਹਿੱਲਦੇ ਹੀ ਜੇ ਕੋਈ ਪਹਿਲਾਂ ਉੱਤਰ ਜਾਂਦਾ ਤਾਂ ਉਹ ਚੰਗਾ ਹੋ ਜਾਂਦਾ ਸੀ ਭਾਵੇਂ ਉਹਦੀ ਕੋਈ ਵੀ ਬੀਮਾਰੀ ਕਿਉਂ ਨਾ ਹੋਵੇ (ਆਇਤਾਂ 3ਅ, 4)।

ਸਾਫ਼ ਹੈ ਕਿ ਇਹ ਵਿਆਖਿਆ ਮੂਲ ਲਿਖਤ ਵਿਚ ਨਹੀਂ ਸੀ, ਪਰ ਇਕ ਪੁਰਾਣੇ ਲਿਖਾਰੀ ਦੀ ਵਿਆਖਿਆ ਵਿਚ ਸੀ ਜਿਸ ਨੂੰ ਬਾਈਬਲ ਵਿਚ ਦਰਜ ਕੀਤਾ ਗਿਆ।[4] ਇਹਨਾਂ ਸ਼ਬਦਾਂ ਵਿਚ ਪ੍ਰਾਚੀਨ ਸਮੇਂ ਦੇ ਇਕ ਅੰਧਵਿਸ਼ਵਾਸ ਦਾ ਪਤਾ ਲਗਦਾ ਹੈ, ਜਿਸ ਕਾਰਣ ਲੋਕ ਇਸ ਜਗ੍ਹਾ ਤੇ ਆਉਂਦੇ ਸਨ (ਵੇਖੋ ਆਇਤ 7)। ਇਹ ਤਲਾਅ ਜੋ ਬੈਥਸੈਦਾ ਦੇ ਨਾਂਅ ਨਾਲ ਮਸ਼ਹੂਰ ਸੀ, ਇਸ ਬਾਰੇ ਕਿਹਾ ਜਾਂਦਾ ਸੀ ਕਿ ਇਸ ਦੇ ਤਲੇ ਹੇਠਾਂ ਪਾਣੀ ਦੇ ਸੋਮੇ ਹਨ। ਸਮੇਂ ਸਮੇਂ ਤੇ ਪਾਣੀ ਦੇ ਬੁਲਬੁਲੇ ਉੱਪਰ ਉੱਠਦੇ ਹੋਣਗੇ। ਜ਼ਾਹਰ ਹੈ ਕਿ ਲੋਕ ਪਾਣੀ ਦੇ ਇਸ ਹਿੱਲਣ ਨੂੰ ਫ਼ਰਿਸ਼ਤੇ ਵੱਲੋਂ ਹਿਲਾਇਆ ਮੰਨਦੇ ਹੋਣਗੇ।

''ਅਰ ਉੱਥੇ ਇਕ ਮਨੁੱਖ ਸੀ ਜੋ ਅਠੱਤੀਆਂ ਵਰ੍ਹਿਹਾਂ ਤੋਂ ਆਪਣੇ ਰੋਗ ਦਾ ਮਾਰਿਆ ਹੋਇਆ ਸੀ'' (ਆਇਤ 5)। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਪੂਰੀ ਜ਼ਿੰਦਗੀ ਨਹੀਂ ਤਾਂ ਆਪਣੀ ਜ਼ਿੰਦਗੀ ਦਾ ਜ਼ਿਆਦਾਤਰ ਸਮਾਂ ਇਹ ਆਦਮੀ ਬੀਮਾਰ ਹੀ ਸੀ। ਜਿਵੇਂ ਕਿ ਆਇਤ 7 ਵਿਚ ਵੇਖਾਂਗੇ ਕਿ ਉਹ ਅਸਮਰੱਥ ਸੀ ਅਤੇ ਖੁਦ ਪਾਣੀ ਵਿਚ ਨਹੀਂ ਉੱਤਰ ਸਕਦਾ ਸੀ। ਸ਼ਾਇਦ ਬਹੁਤ ਕਮਜ਼ੋਰ, ਲੂਲ੍ਹਾ ਜਾਂ ਅਧਰੰਗ ਦਾ ਮਾਰਿਆ ਸੀ।

ਆਇਤ 6 ਦਾ ਅਧਾਰ ਇਹੀ ਹੈ: ''ਯਿਸੂ ਨੇ ਉਹਨੂੰ ਪਿਆ ਹੋਇਆ ਵੇਖ ਕੇ ਅਤੇ ਇਹ ਜਾਣ ਕੇ ਜੋ ਉਹ ਨੂੰ ਹੁਣ ਬਹੁਤ ਚਿਰ ਹੋ ਗਿਆ ਹੈ ਉਹਨੂੰ ਆਖਿਆ, ਕੀ ਤੂੰ ਚੰਗਾ ਹੋਣਾ ਚਾਹੁੰਦਾ ਹੈਂ?'' ਯਿਸੂ ਇਸ ਤਲਾਅ ਤੇ ਜਿੱਥੇ ਬਹੁਤ ਸਾਰੇ ਬੀਮਾਰ ਇਕੱਠੇ ਸਨ ਕਿਸੇ ਖ਼ਾਸ ਮਕਸਦ ਨਾਲ ਆਇਆ ਸੀ। ਜ਼ਾਹਿਰ ਹੈ ਕਿ ਉਹ ਸ਼ਹਿਰ ਦੇ ਨਜ਼ਾਰੇ ਵੇਖਣ ਨਹੀਂ ਆਇਆ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇੱਥੇ ਆਉਣ ਲਈ ਉਹ ਲੋਕਾਂ ਪ੍ਰਤੀ ਤਰਸ ਨਾਲ ਹੀ ਪ੍ਰੇਰਿਤ ਹੋਇਆ ਸੀ।

ਤਲਾਅ ਤੇ ਪਹੁੰਚ ਕੇ ਯਿਸੂ ਨੇ ਅਠੱਤੀਆਂ ਸਾਲਾਂ ਤੋਂ ਉੱਥੇ ਪਏ ਇਕ ਬੀਮਾਰ ਨੂੰ ਵੇਖਿਆ। ਯਿਸੂ ਨੇ ਇਸ ਆਦਮੀ ਨੂੰ ਚੰਗਾ ਕਰਨ ਦਾ ਫ਼ੈਸਲਾ ਕਿਉਂ ਕੀਤਾ? ਸਾਫ਼ ਹੈ ਕਿ ਉੱਥੇ ਪਏ ਐਨੇ ਲੋਕਾਂ ਵਿੱਚੋਂ ਯਿਸੂ ਨੇ ਸਿਰਫ਼ ਉਹਨੂੰ ਹੀ ਚੰਗਾ ਕੀਤਾ। ਕੀ ਉਹਨੂੰ ਸਿਰਫ਼ ਇਸ ਲਈ ਚੰਗਾ ਕੀਤਾ ਕਿ ਹਰ ਕੋਈ ਵੇਖ ਕੇ ਕਹਿ ਸਕਦਾ ਸੀ ਕਿ ਉਹ ਸੱਚਮੁੱਚ ਚੰਗਾ ਹੋਇਆ ਹੈ? ਜਾਂ ਕੀ ਇਹ ਆਦਮੀ ਬੇਆਸਾ ਸੀ ਅਤੇ ਯਿਸੂ ਬੇਆਸਿਆਂ ਦੀ ਆਸ, ਬੇਸਹਾਰਿਆਂ ਦਾ ਸਹਾਰਾ ਸੀ? ਜਾਂ ਇਸ ਲਈ ਕਿ ਇਸ ਦਾ ਕੋਈ ਦੋਸਤ ਨਹੀਂ ਸੀ (ਆਇਤ 7)[5] ਅਤੇ ਯਿਸੂ ਮਿੱਤਰਹੀਣਾਂ ਦਾ ਮਿੱਤਰ ਸੀ? (ਸ਼ਾਇਦ ਯਿਸੂ ਉਸ ਬੱਚੇ ਦੇ ਵਾਂਗ ਹੈ ਜਿਸ ਨੂੰ ਕਤੂਰਿਆਂ ਦੇ ਝੁੰਡ ਵਿੱਚੋਂ ਕੋਈ ਕਤੂਰਾ ਲੈਣ ਲਈ ਕਿਹਾ ਗਿਆ ਤਾਂ ਉਹਨੇ ਉਹ ਸਭ ਤੋਂ ਛੋਟਾ ਕਤੂਰਾ ਚੁੱਕਿਆ ਜਿਹਨੂੰ ਵੱਡੇ ਕਤੂਰੇ ਖਿੱਦੋ ਵਾਂਗ ਐਧਰ ਉੱਧਰ ਧੱਕ ਰਹੇ ਸਨ।)

ਜੋ ਵੀ ਕਾਰਣ ਹੋਵੇ, ਯਿਸੂ ਨੇ ਇਹ ਜਾਣਦਿਆਂ ਕਿ ''ਉਸ ਦੀ ਇਹ ਹਾਲਤ ਬੜੇ ਲੰਮੇ ਸਮੇਂ ਤੋਂ ਹੈ'' (ਪੂਰੇ ਅਠੱਤੀ ਸਾਲਾਂ ਤੋਂ) ਉਹਦੇ ਵੱਲ ਨਿਗਾਹ ਕੀਤੀ ਅਤੇ ਪੁੱਛਿਆ, ਕੀ ''ਤੂੰ ਚੰਗਾ ਹੋਣਾ ਚਾਹੁੰਦਾ ਹੈਂ?''

ਆਓ ਥੋੜ੍ਹੀ ਦੇਰ ਲਈ ਇਸ ਸਵਾਲ ਤੇ ਵਿਚਾਰ ਕਰਦੇ ਹਾਂ। ਯਿਸੂ ਨੇ ਇਹ ਅਜੀਬ ਸਵਾਲ ਕਿਉਂ ਪੁੱਛਿਆ?

ਜ਼ਰਾ ਰੁਕ ਕੇ ਵਿਚਾਰ ਕਰੋ: ਅਠੱਤੀ ਸਾਲ ਬੀਮਾਰ ਰਹਿਣਾ ਬੜੀ ਔਖੀ ਗੱਲ ਹੈ, ਪਰ ਇਕ ਪਾਸੇ ਇਸ ਆਦਮੀ ਨੂੰ ਕਾਫ਼ੀ ਸੌਖ ਵੀ ਸੀ। ਕੋਈ ਉਹਨੂੰ ਹਰ ਰੋਜ਼ ਤਲਾਅ ਦੇ ਕੰਢੇ ਛੱਡ ਜਾਂਦਾ ਹੋਵੇਗਾ। ਉਹ ਦਿਨ ਭਰ ਬਿਨਾਂ ਕਿਸੇ ਜ਼ਿੰਮੇਵਾਰੀ ਦੇ ਉੱਥੇ ਪਿਆ ਰਹਿੰਦਾ ਹੋਵੇਗਾ। ਉਹ ਨੇ ਭੀਖ ਮੰਗ ਕੇ ਕੁਝ ਪੈਸੇ ਵੀ ਜਮ੍ਹਾਂ ਕੀਤੇ ਹੋਣਗੇ। ਉਹਦੇ ਲਈ ਫ਼ੈਸਲੇ ਕੋਈ ਹੋਰ ਲੈਂਦਾ ਸੀ; ਕੰਮ ਕੋਈ ਹੋਰ ਕਰਦਾ ਸੀ। ਸ਼ਾਇਦ ਉਹਨੇ ਹਾਲਾਤ ਨਾਲ ਸਮਝੌਤਾ ਕਰ ਲਿਆ ਸੀ ਅਤੇ ਹੁਣ ਉਹ ਨੇ ਇਸੇ ਤਰ੍ਹਾਂ ਜੀਉਣ ਦਾ ਮਨ ਬਣਾ ਲਿਆ ਸੀ।

ਦੂਜੇ ਪਾਸੇ, ਜੇ ਉਹ ਅਚਾਨਕ ਚੰਗਾ ਹੋ ਜਾਂਦਾ ਤਾਂ ਕੀ ਹੋਣਾ ਸੀ? ਉਸ ਨੂੰ ਗੁਜ਼ਾਰੇ ਲਈ ਕੰਮ ਕਾਰ ਕਰਨਾ ਪੈਣਾ ਸੀ। ਅਠੱਤੀ ਸਾਲ ਤਕ ਬਿਨਾਂ ਕੁਝ ਕਰਨ ਕਾਰਣ ਯਾਨੀ ਬਿਨਾਂ ਕੋਈ ਕੰਮ ਸਿੱਖੇ ਨੌਕਰੀ ਆਦਿ ਲੱਭਣ ਵਿਚ ਉਹਨੂੰ ਕਿੰਨੀ ਮੁਸ਼ਕਲ ਹੋਣੀ ਸੀ। ਉਸ ਨੂੰ ਜ਼ਿੰਮੇਵਾਰੀ ਅਤੇ ਜਵਾਬਦੇਹੀ ਵੀ ਝੱਲਣੀ ਪੈਣੀ ਸੀ। ਉਸ ਨੂੰ ਕੰਮ ਧੰਦਾ ਕਰਨਾ ਪੈਣਾ ਸੀ, ਮੁਕਾਬਲਾ ਕਰਨਾ ਪੈਣਾ ਸੀ ਅਤੇ ਖੁਦ ਫ਼ੈਸਲੇ ਲੈਣੇ ਪੈਣੇ ਸਨ। ਇਹਦੇ ਇਲਾਵਾ ਉਸ ਨੂੰ ਅਸਫ਼ਲ ਹੋਣ ਦੀ ਸੰਭਾਵਨਾ ਵੀ ਸਹਿਣੀ ਪੈਣੀ ਸੀ।

ਯਿਸੂ ਉਸ ਤੋਂ ਪੁੱਛ ਰਿਹਾ ਸੀ ਕਿ ''ਤੂੰ ਸੱਚਮੁੱਚ ਚਾਹੁੰਦਾ ਹੈਂ ਕਿ ਚੰਗਾ ਹੋ ਜਾਵੇਂ? ਕੀ ਤੂੰ ਇਸ ਸਭ ਲਈ ਤਿਆਰ ਹੈਂ?''

ਬੀਮਾਰ ਹੋਣਾ ਕਈ ਲੋਕਾਂ ਨੂੰ ਸਖਾ ਜਾਂਦਾ ਹੈ। ਤੁਸੀਂ ਸ਼ਾਇਦ ਪੁਰਾਣੀ ਕਹਾਵਤ ਸੁਣੀ ਹੋਵੇਗੀ ਕਿ ਫਲਾਣੇ ਬੰਦੇ ਨੂੰ ਤਾਂ ''ਬੀਮਾਰੀ *ਰਾਸ ਆ ਗਈ* ਹੈ।'' ਕਈਆਂ ਨੂੰ ਬੀਮਾਰ ਪੈਣਾ ਚੰਗਾ ਲਗਦਾ ਹੈ। ਕਈਆਂ ਨੂੰ ਦੂਜਿਆਂ ਦਾ ਧਿਆਨ ਆਪਣੇ ਵੱਲ ਖਿੱਚਣਾ ਚੰਗਾ ਲਗਦਾ ਹੈ। ਕਈਆਂ ਨੂੰ ਕੰਮ ਨਾ ਕਰਨ ਲਈ ਬਹਾਨਾ ਮਿਲ ਜਾਂਦਾ ਹੈ। ਕਈ ਆਪਣੀ ਬੀਮਾਰੀ ਨੂੰ ਦੂਜਿਆਂ ਨੂੰ ਉਂਗਲੀਆਂ ਉੱਤੇ ਨਚਾਉਣ ਅਤੇ ਕਾਬੂ ਵਿਚ ਰੱਖਣ ਲਈ ਵੀ ਵਰਤਦੇ ਹਨ।

ਹੁਣ ਤੁਹਾਨੂੰ ਯਿਸੂ ਦਾ ਸਵਾਲ ਓਨਾ ਅਜੀਬ ਨਹੀਂ ਲੱਗੇਗਾ।

**ਮਨ ਦੀ ਚੰਗਾਈ** (ਯੂਹੰਨਾ 5:7-13)

ਆਓ ਸਵਾਲ ਦੀ ਤਹਿ ਤਕ ਜਾਂਦੇ ਹਾਂ। ਯਿਸੂ ਹਰ ਕਿਸੇ ਨੂੰ ਜਾਣਦਾ ਸੀ; ਉਹ ਜਾਣਦਾ ਸੀ ਕਿ ਕਿਸੇ ਦੇ ਮਨ ਵਿਚ ਕੀ ਹੈ (ਤੁਲਨਾ ਕਰੋ ਯੂਹੰਨਾ 2:25)। ਇਸ ਲਈ ਯਿਸੂ ਨੇ ਇਹ ਸਵਾਲ, ਜਵਾਬ ਲੈਣ ਲਈ ਨਹੀਂ ਪੁੱਛਿਆ ਸਗੋਂ ਉਹਨੇ ਉਸ ਆਦਮੀ ਨੂੰ ਆਪਣੇ ਅੰਦਰ ਝਾਕਣ ਲਈ ਪੁੱਛਿਆ।[6] ਯਿਸੂ ਦਾ ਮਕਸਦ ਸਿਰਫ਼ ਉਹਦੀ ਦੇਹ ਨੂੰ ਚੰਗਾ ਕਰਨਾ ਨਹੀਂ ਸੀ; ਉਹ ਤਾਂ ਉਹਦੇ ਮਨ ਦੀ ਚੰਗਾਈ ਵੀ ਚਾਹੁੰਦਾ ਸੀ। ਉਹ ਚਾਹੁੰਦਾ ਸੀ ਕਿ ਇਸ ਆਦਮੀ ਦਾ ਸੁਭਾਅ ਸਿਹਤਮੰਦ ਹੋਵੇ।

ਉਸ ਬੰਦੇ ਨੇ ਯਿਸੂ ਦੇ ਸਵਾਲ ਨੂੰ ਝਿੜਕ ਸਮਝਿਆ। ਜ਼ਾਹਰ ਹੈ ਕਿ ਉਸ ਨੇ ਇਸ ਸਵਾਲ ਨੂੰ ਓਸੇ ਅਰਥ ਵਿਚ ਲਿਆ ਕਿ ''ਜੇ ਤੂੰ ਚੰਗਾ ਹੋਣਾ ਚਾਹੁੰਦਾ ਹੈਂ, ਤਾਂ ਹੁਣ ਤਕ ਹੋਇਆ ਕਿਉਂ ਨਹੀਂ?'' ਜਦ ਪਾਣੀ ਹਿਲਾਇਆ ਜਾਂਦਾ ਹੈ ਤਾਂ ਤੂੰ ਨੱਸ ਕੇ ਤਲਾਅ ਵੱਲ ਕਿਉਂ ਨਹੀਂ ਜਾਂਦਾ ਤਾਂ ਜੋ ਸਭ ਤੋਂ ਪਹਿਲਾਂ ਪਹੁੰਚ ਸਕੇਂ? ਉਸ ਬੀਮਾਰ ਆਦਮੀ ਨੇ ਜਵਾਬ ਦਿੱਤਾ, ''ਪ੍ਰਭੂ ਜੀ! ਮੇਰਾ ਕੋਈ ਆਦਮੀ ਨਹੀਂ ਹੈ ਕਿ ਜਾਂ ਪਾਣੀ ਹਿਲਾਇਆ ਜਾਵੇ ਤਾਂ ਮੈਨੂੰ ਤਾਲ ਵਿਚ ਉਤਾਰੇ, ਪਰ ਜਦੋਂ

ਮੈਂ ਆਪ ਜਾਂਦਾ ਹਾਂ ਕੋਈ ਹੋਰ ਮੈਥੋਂ ਅੱਗੇ ਉੱਤਰ ਪੈਂਦਾ ਹੈ'' (ਆਇਤ 7)।[7]

ਇਹ ਤਲਾਅ ਕਾਫ਼ੀ ਡੂੰਘਾ ਹੈ ਅਤੇ ਇਹਦਾ ਕੋਈ ਵੀ ਕੰਢਾ ਘੱਟ ਪਾਣੀ ਵਾਲਾ ਨਹੀਂ ਹੈ। ਪਾਣੀ ਤਕ ਜਾਣ ਲਈ ਪੌੜੀਆਂ ਬਣੀਆਂ ਹੋਈਆਂ ਹਨ। ਜਿਹੜਾ ਆਦਮੀ ਚੱਲ ਨਹੀਂ ਸਕਦਾ ਉਹਦੇ ਲਈ ਤਲਾਅ ਵਿਚ ਜਾਣ ਲਈ ਕਿਸੇ ਦੀ ਮਦਦ ਲੈਣੀ ਜ਼ਰੂਰੀ ਹੈ। ਪਾਣੀ ਹਿੱਲਣ ਤੇ ''ਹਰ ਕਿਸੇ ਨੂੰ ਆਪਣੀ ਹੀ'' ਪਈ ਹੁੰਦੀ ਸੀ ਅਤੇ ਇਸ ਵਿਚਾਰੇ ਨੂੰ ਮੌਕਾ ਮਿਲਣ ਦੀ ਕੋਈ ਗੁੰਜਾਇਸ਼ ਨਹੀਂ ਸੀ।

ਯਿਸੂ ਦੇ ਸਵਾਲ ਦਾ ਜਵਾਬ ''ਹਾਂ'' ਜਾਂ ''ਨਾਂ'' ਵਿਚ ਦੇਣ ਦੀ ਬਜਾਏ ਉਹ ਕਹਿ ਰਿਹਾ ਸੀ, ''ਹੁਣ ਤਕ ਬੀਮਾਰ ਰਹਿਣ ਵਿਚ ਮੇਰਾ ਕੋਈ ਕਸੂਰ ਨਹੀਂ ਹੈ! ਪਾਣੀ ਵਿਚ ਲੈ ਜਾਣ ਲਈ ਮੇਰਾ ਕੋਈ ਮਦਦਗਾਰ ਹੀ ਨਹੀਂ ਹੈ!'' ਜਦ ਮੁਸ਼ਕਲਾਂ ਆਉਂਦੀਆਂ ਹਨ ਤਾਂ ਉਸ ਵਿਚ ਸਾਡਾ ਕੋਈ ਕਸੂਰ ਨਹੀਂ ਹੁੰਦਾ ਜਾਂ ਹੁੰਦਾ ਹੈ? ਆਮ ਤੌਰ ਤੇ ਸਾਨੂੰ ਲਗਦਾ ਹੈ ਕਿ ਕਿਸੇ ਨੇ ਸਾਡੀ ਇਹ ਹਾਲਤ ਕੀਤੀ ਹੈ। ਸ਼ਾਇਦ ਇਸ ਬੀਮਾਰ ਬੰਦੇ ਵਾਂਗ ਹੀ ਸਾਨੂੰ ਵੀ ਦਿਮਾਗ਼ ਦੇ ਅਪ੍ਰੇਸ਼ਨ ਦੀ ਲੋੜ ਹੈ।

ਯਿਸੂ ਇਸ ਬੰਦੇ ਨੂੰ ਅਸਾਨੀ ਨਾਲ ਛੱਡਣ ਵਾਲਾ ਨਹੀਂ ਸੀ। ਉਹ ਉਸ ਦੀਆਂ ਕਈ ਬੀਮਾਰੀਆਂ ਚੰਗੀਆਂ ਕਰਨਾ ਚਾਹੁੰਦਾ ਸੀ, ਯਾਨੀ ਸਰੀਰ ਦੇ ਰੋਗ ਤੋਂ ਇਲਾਵਾ ਉਹਦੇ ਮਨ ਦਾ ਰੋਗ ਵੀ ਸੀ। ''ਯਿਸੂ ਨੇ ਉਹ ਨੂੰ ਆਖਿਆ, ਉੱਠ, ਆਪਣੀ ਮੰਜੀ ਚੁੱਕ ਕੇ ਤੁਰ ਪਓ!'' (ਆਇਤ 8)। ਅਠੱਤੀ ਸਾਲ ਤਕ ਉਹਦੀ ਮੰਜੀ ਨੇ ਉਹਨੂੰ ਚੁੱਕਿਆ ਹੋਇਆ ਸੀ, ਹੁਣ ਯਿਸੂ ਨੇ ਉਹਨੂੰ ਆਪਣੀ ਮੰਜੀ ਨੂੰ ਚੁੱਕਣ ਲਈ ਕਿਹਾ।

ਇਕ ਮਿੰਟ ਰੁਕੋ! ਇਸ ਬੰਦੇ ਨੇ ਕਿਹਾ ਕਿ ਉਹ ਇਹੀ ਕੰਮ ਨਹੀਂ ਕਰ ਸਕਦਾ। ਜੇ ਉਹ ਚੱਲਣ ਜੋਗਾ ਹੁੰਦਾ ਤਾਂ ਸਭ ਤੋਂ ਪਹਿਲਾਂ ਪਾਣੀ ਵਿਚ ਜਾਂਦਾ। ਅਸਲ 'ਚ ਜੇ ਉਹ ਚੱਲ ਸਕਦਾ ਸੀ ਤੇ ਉਹ ਤਲਾਅ ਦੇ ਕੋਲ ਵੀ ਨਾ ਹੁੰਦਾ। ਯਿਸੂ ਉਸ ਨੂੰ ਇਕ ਅਸੰਭਵ ਕੰਮ ਕਰਨ ਲਈ ਕਹਿ ਰਿਹਾ ਸੀ। ਉਹ ਉਸ ਨੂੰ ਪੁੱਛ ਰਿਹਾ ਸੀ, ''ਕੀ ਚੱਲ ਸਕਣ ਦੀ ਤੇਰੀ ਐਨੀ ਹੀ ਇੱਛਾ ਹੈ?''

ਯਿਸੂ ਵਿਚ ਕੋਈ ਗੱਲ ਹੈ ਸੀ ਜਿਸ ਨਾਲ ਇਸ ਆਦਮੀ ਦਾ ਧਿਆਨ ਉਹਦੇ ਵੱਲ ਖਿੱਚਿਆ ਗਿਆ ਸੀ। ਇਹ ਵੀ ਨਹੀਂ ਕਿ ਉਹ ਯਿਸੂ ਨੂੰ ਜਾਣਦਾ ਸੀ ਜਾਂ ਉਸ ਨੂੰ ਇਹ ਯਕੀਨ ਹੋ ਗਿਆ ਸੀ ਕਿ ਯਿਸੂ ਉਹ ਨੂੰ ਚੰਗਾ ਕਰ ਸਕਦਾ ਹੈ। ਜਿਵੇਂ ਕਿ ਅਸੀਂ ਆਇਤ 13 ਵਿਚ ਵੇਖਾਂਗੇ, ਉਸ ਆਦਮੀ ਦੇ ਚਿਤ-ਚੇਤੇ ਵੀ ਨਹੀਂ ਸੀ ਕਿ ਯਿਸੂ ਕੌਣ ਸੀ। ਜ਼ਾਹਰ ਹੈ ਕਿ ਉਸ ਆਦਮੀ ਨੇ ਕੋਸ਼ਿਸ਼ ਕਰਨ ਦਾ ਮਨ ਬਣਾ ਲਿਆ। ''ਅਤੇ ਉਵੇਂ ਉਹ ਮਨੁੱਖ ਚੰਗਾ ਹੋ ਗਿਆ ਅਤੇ ਆਪਣੀ ਮੰਜੀ ਚੁੱਕ ਕੇ ਤੁਰਨ ਲੱਗਾ'' (ਆਇਤ 9)। ਯਿਸੂ ਦੁਆਰਾ ਕੀਤੀਆਂ ਹੋਰ ਚੰਗਾਈਆਂ ਵਾਂਗ ਹੀ ਇਹ ਚੰਗਾਈ ਵੀ ਸੰਪੂਰਣ ਅਤੇ (ਜਿਵੇਂ ਅਸੀਂ ਵੇਖਾਂਗੇ) ਯਕੀਨ ਦੁਆਉਣ ਵਾਲੀ ਸੀ।

ਮੈਨੂੰ ਕਈ ਵਾਰ ਅਜਿਹੀਆਂ ਸੱਟਾਂ ਲੱਗੀਆਂ ਹਨ ਜਿਸ ਨਾਲ ਮੇਰੇ ਸਰੀਰ ਦੇ ਅੰਗਾਂ ਨਾਲ ਮੈਂ ਕਈ ਮਹੀਨੇ ਤਕ ਕੰਮ ਨਹੀਂ ਕਰ ਸਕਦਾ ਸੀ, ਅਤੇ ਮੈਂ ਦੱਸ ਸਕਦਾ ਹਾਂ ਕਿ ਪੱਠਿਆਂ ਦੇ ਕਮਜ਼ੋਰ ਹੋਣ, ਜੋੜਾਂ ਦੇ ਕੰਮ ਨਾ ਕਰਨ ਆਦਿ ਦਾ ਕੀ ਅਸਰ ਹੁੰਦਾ ਹੈ। ਅਠੱਤੀ ਸਾਲ ਤਕ ਸਰੀਰ ਦੇ ਕਈ ਅੰਗਾਂ ਨੂੰ ਨਾ ਵਰਤਣ ਤੇ ਕਲਪਨਾ ਕਰੋ ਕਿ ਉਹਦੇ ਸਰੀਰ ਦੀ ਕੀ ਹਾਲਤ ਹੋਈ ਹੋਵੇਗੀ। ਜਦ ਯਿਸੂ ਨੇ ਉਸ ਆਦਮੀ ਨੂੰ ਚੰਗਾ ਕੀਤਾ, ਤਾਂ ਵੇਖਣ ਵਾਲਿਆਂ ਨੇ ਵੇਖਿਆ ਹੋਵੇਗਾ ਕਿ ਉਹਦਾ ਸਰੀਰ ਫਿਰ ਤੋਂ ''ਭਰ ਗਿਆ'' ਅਤੇ ਤੰਦਰੁਸਤ ਹੋ ਗਿਆ ਹੈ!

ਫਿਰ ਯੂਹੰਨਾ ਨੇ ਇਹ ਛੋਟੀ ਜਿਹੀ ਟਿੱਪਣੀ ਜੋੜੀ: ''ਉਹ ਸੱਬਤ ਦਾ ਦਿਨ ਸੀ'' (ਆਇਤ 9ਅ)। ਭਲਾ ਯਿਸੂ ਨੇ ਸੱਬਤ ਦੇ ਦਿਨ ਇਸ ਆਦਮੀ ਨੂੰ ਆਪਣੇ ਦੁਸ਼ਮਣਾਂ ਨਾਲ ਪੰਗਾ ਲੈਣ ਲਈ ਚੰਗਾ ਕੀਤਾ ਸੀ? ਇਕ ਵਾਰ ਉਸਨੇ ਇਵੇਂ ਹੀ ਕੀਤਾ ਸੀ (ਮੱਤੀ 12: 1-14)। ਭਲਾ ਸੱਬਤ ਦੇ ਦਿਨ ਯਿਸੂ ਦੁਆਰਾ ਇਹ ਚੰਗਾਈ ਇਤਫ਼ਾਕ ਹੀ ਸੀ? ਸ਼ਾਇਦ। ਜਾਣ ਬੁੱਝ ਕੇ ਹੋਵੇ ਤੇ ਭਾਵੇਂ ਇਤਫ਼ਾਕ, ਯੂਹੰਨਾ ਸਾਨੂੰ ਇਹ ਦੱਸਣਾ ਚਾਹੁੰਦਾ ਸੀ ਕਿ ਇਹ ਸੱਬਤ ਦਾ ਦਿਨ ਸੀ, ਕਿਉਂਕਿ ਇਸ ਤੋਂ ਪਤਾ ਲਗ ਜਾਂਦਾ ਹੈ ਕਿ ਬਾਅਦ ਦੀਆਂ ਘਟਨਾਵਾਂ ਦਾ ਕਾਰਣ ਕੀ ਸੀ।

ਉਸ ਆਦਮੀ ਦੇ ਖੜਾ ਹੋ ਕੇ ਚੱਲਣ ਫਿਰਨ ਤੇ ਤਲਾਅ ਦੇ ਆਲੇ ਦੁਆਲੇ ਲੋਕਾਂ ਵਿਚ ਉਤੇਜਨਾ ਦੀ ਕਲਪਨਾ ਕਰੋ! ਪਰ ਉੱਥੇ ਮੌਜੂਦ ਕੁਝ ਲੋਕਾਂ, ਫ਼ਰੀਸੀਆਂ ਅਤੇ ਹੋਰ ਧਾਰਮਿਕ ਆਗੂਆਂ, ਪਰੰਪਰਾਵਾਂ ਨੂੰ ਜਾਰੀ ਰੱਖਣ ਵਾਲਿਆਂ ਨੂੰ ਖ਼ੁਸ਼ੀ ਨਹੀਂ ਹੋਈ। ਉਹਨਾਂ ਦਾ ਸਵਾਲ ਇਹ ਨਹੀਂ ਸੀ ਕਿ ਕੋਈ ਮੋਅਜਜ਼ਾ ਹੋਇਆ ਹੈ, ਸਗੋਂ ਉਹਨਾਂ ਨੂੰ ਤਾਂ ਮਨੁੱਖਾਂ ਦੇ ਬਣਾਏ ਆਪਣੇ ਰਹਿਤ ਨਾਮਿਆਂ ਦੀ ਫ਼ਿਕਰ ਸੀ। ''ਇਸ ਕਰਕੇ ਯਹੂਦੀਆਂ ਨੇ ਉਹ ਨਰੋਏ ਕੀਤੇ ਹੋਏ ਮਨੁੱਖ ਨੂੰ ਆਖਿਆ ਭਈ ਇਹ ਸੱਬਤ ਦਾ ਦਿਨ ਹੈ ਅਤੇ ਤੈਨੂੰ ਮੰਜੀ ਚੁੱਕਣੀ ਜੋਗ ਨਹੀਂ ਹੈ'' (ਆਇਤ 10)। ਬੁਰੀ ਗੱਲ ਹੈ ਨਾ? ਉਹਨਾਂ ਨੇ ਚੰਗਾਈ ਦੀ ਗੱਲ ਵੱਲ ਧਿਆਨ ਨਹੀਂ ਕੀਤਾ। ਉਹ ਤਾਂ ਇਸ ਗੱਲ ਤੋਂ ਨਰਾਜ਼ ਸਨ ਕਿ ਕਿਸੇ ਆਦਮੀ ਦੀ ਬੀਮਾਰੀ ਕਿਵੇਂ ਠੀਕ ਹੋ ਗਈ। ਉਹਨਾਂ ਦਾ ਕਹਿਣਾ ਸੀ, ''ਤੂੰ ਸਾਡੀ ਇਕ ਪਰੰਪਰਾ ਨੂੰ ਤੋੜਿਆ ਹੈ!''

''ਸੱਬਤ'' ਸ਼ਬਦ ਦਾ ਮੂਲ ਅਰਥ ''ਅਰਾਮ'' ਹੈ। ਸੰਸਾਰ ਨੂੰ ਬਣਾਉਣ ਦੇ ਬਾਅਦ ਪ੍ਰਮੇਸ਼ਵਰ ਨੇ ਸਤਵੇਂ ਦਿਨ ਅਰਾਮ ਕੀਤਾ ਸੀ (ਉੱਤਪਤ 2: 1-3)। ਬਾਅਦ ਵਿਚ ਸਤਵੇਂ ਦਿਨ ਦਾ ਅਰਾਮ, ਜਿਸ ਨੂੰ ਸੱਬਤ ਕਿਹਾ ਜਾਂਦਾ ਸੀ, ਦਸ ਹੁਕਮਾਂ ਵਿਚ ਸ਼ਾਮਲ ਕੀਤਾ ਗਿਆ (ਕੂਚ 20:8-11)। ਯਹੂਦੀਆਂ ਲਈ ਸੱਬਤ ਦਾ ਦਿਨ ਖ਼ਾਸ ਸੀ। ਇਹ ਅਰਾਮ ਦਾ, ਬੰਦਗੀ ਦਾ, ਪ੍ਰਮੇਸ਼ਵਰ ਵੱਲ ਧਿਆਨ ਲਾਉਣ ਦਾ, ਅਨੰਦ ਕਰਨ ਦਾ ਦਿਨ ਸੀ। ਇਹ ਯਕੀਨੀ ਬਣਾਉਣ ਲਈ ਕਿ ਸੱਬਤ ਦੀ ਪਾਲਣਾ ਕੀਤੀ ਗਈ ਹੈ, ਖ਼ੁਦਾ ਨੇ ਇਸਦੀ ਉਲੰਘਣਾ ਕਰਨ ਤੇ ਕਈ ਸਜ਼ਾਵਾਂ ਠਹਿਰਾਈਆਂ ਸਨ। ਗਿਣਤੀ 15 ਅਧਿਆਇ ਵਿਚ ਸੱਬਤ ਵਾਲੇ ਦਿਨ ਲੱਕੜੀਆਂ ਇਕੱਠੀਆਂ ਕਰਨ ਕਾਰਣ ਇਕ ਆਦਮੀ ਨੂੰ ਪੱਥਰ ਮਾਰ-ਮਾਰ ਕੇ ਮਾਰ ਦਿੱਤਾ ਗਿਆ ਸੀ। ਨਹਮਯਾਹ ਦੀ ਕਿਤਾਬ ਵਿਚ ਸੱਬਤ ਦੇ ਦਿਨ ਵਣਜ ਵਪਾਰ ਕਰਨ ਤੇ ਸ਼ਖ਼ਤ ਸਜ਼ਾ ਦਿੱਤੀ ਗਈ ਸੀ।

ਪ੍ਰਮੇਸ਼ਵਰ ਦੇ ਨਿਯਮ ਕਾਫ਼ੀ ਸਖ਼ਤ ਸਨ, ਪਰ ਲੋਕ ਐਨੇ ਨਾਲ ਹੀ ਖ਼ੁਸ਼ ਨਹੀਂ ਸਨ। ਫ਼ਰੀਸੀਆਂ ਨੇ ਰਹਿਤਨਾਮਿਆਂ ਦੇ 23 ਅਧਿਆਇ ਹੋਰ ਜੋੜ ਕੇ ਸੱਬਤ ਦੇ ਨਿਯਮਾਂ ਨੂੰ ਹੋਰ ਕਰੜਾ ਬਣਾ ਦਿੱਤਾ ਸੀ! ਉਹਨਾਂ ਵਿੱਚੋਂ ਜ਼ਿਆਦਾਤਰ ਰਹਿਤਨਾਮੇ ਤਾਂ ਹਾਸੋਹੀਣੇ ਹੀ ਸਨ। ਮਿਸਾਲ ਦੇ ਤੌਰ ਤੇ, ਕੋਈ ਆਦਮੀ ਸੱਬਤ ਦੇ ਦਿਨ ਨਹੁੰ ਨਹੀਂ ਚਬਾ ਸਕਦਾ ਸੀ, ਕਿਉਂਕਿ ਇਸ ਤਰ੍ਹਾਂ ਕਰਨ ਨੂੰ ਕੰਮ ਕਰਨਾ ਮੰਨਿਆ ਜਾਂਦਾ ਸੀ। ਮਨੁੱਖਾਂ ਦੇ ਬਣਾਏ ਕਈ ਨਿਯਮ ਭਾਰ ਚੁੱਕਣ ਸਬੰਧੀ ਸਨ। ਰੱਬੀ ਇਸ ਗੱਲ ਤੇ ਬਹਿਸ ਕਰਦੇ ਸਨ ਕਿ ਸੱਬਤ ਦੇ ਦਿਨ ਨਕਲੀ ਦੰਦ ਲਗਵਾਏ ਜਾ ਸਕਦੇ ਹਨ ਜਾਂ ਨਹੀਂ, ਨਕਲੀ ਲੱਤ ਜਾਂ ਪੈਰ ਦੀ ਵਰਤੋਂ ਕੀਤੀ ਜਾ ਸਕਦੀ ਹੈ ਜਾਂ ਨਹੀਂ, ਕਿਉਂਕਿ ਇਹ ਬੋਝ ਸਨ। ਜੇ ਕਿਸੇ ਔਰਤ ਨੇ ਕੱਪੜੇ ਸੀਤੇ ਹੋਣ ਅਤੇ ਗ਼ਲਤੀ ਨਾਲ ਸੂਈ ਕੱਪੜਿਆਂ ਵਿਚ ਰਹਿ ਗਈ ਹੋਵੇ ਅਤੇ ਉਸ ਦੇ ਪਤੀ ਨੇ ਸੱਬਤ ਵਾਲੇ ਦਿਨ ਉਹ ਕਪੜਾ ਪਾ ਲਿਆ ਤਾਂ ਸੂਈ ਦਾ ਭਾਰ ਚੁੱਕਣ ਕਾਰਣ ਉਸ ਨੇ ਪਾਪ ਕੀਤਾ ਮੰਨਿਆ ਜਾਂਦਾ ਸੀ। (ਧਿਆਨ ਦਿਓ ਕਿ ਇਹ ਬੰਦਸ਼ਾਂ ਇਨਸਾਨਾਂ ਦੀਆਂ ਲਗਾਈਆਂ ਹੋਈਆਂ ਸਨ, ਖ਼ੁਦਾ ਵੱਲੋਂ ਨਹੀਂ ਸਨ।[8])

ਇਹਨਾਂ ਹੁਕਮਨਾਮਿਆਂ ਵਿੱਚੋਂ ਇਕ ਯੂਹੰਨਾ 5 ਵਾਲੀ ਸਥਿਤੀ ਨਾਲ ਸਬੰਧਿਤ ਸੀ। ਰੱਬੀਆਂ ਦੇ ਕਹਿਣ ਮੁਤਾਬਕ, ਆਦਮੀ ਨੂੰ ਬਿਸਤਰੇ ਤੇ ਪਾ ਕੇ ਤਾਂ ਲਿਜਾਇਆ ਜਾ ਸਕਦਾ ਸੀ, ''ਬੀਸਤਰਾ ਤਾਂ ਸੰਜੋਗ ਸੀ''-ਪਰ ਖਾਲੀ ਮੰਜੀ ਚੁੱਕਣੀ ਜਾਇਜ਼ ਨਹੀਂ ਸੀ। ਪਰ ਯਿਸੂ ਨੇ ਉਸ ਆਦਮੀ ਨੂੰ ਇਹੀ ਕਰਨ ਲਈ ਕਿਹਾ: ''ਉੱਠ, ਆਪਣੀ ਮੰਜੀ ਚੁੱਕ ਕੇ ਤੁਰ ਫਿਰ।''

ਜਦ ਫ਼ਰੀਸੀਆਂ ਨੇ ਕਿਹਾ, ''ਇਹ ਸੱਬਤ ਦਾ ਦਿਨ ਹੈ, ਅਤੇ ਤੈਨੂੰ ਮੰਜੀ ਚੁੱਕਣੀ ਜੋਗ ਨਹੀਂ ਹੈ'' (ਆਇਤ 10), ਤਾਂ ਉਸ ਆਦਮੀ ਦਾ ਜਵਾਬ ਸੀ, ''ਮੇਰੀ ਗ਼ਲਤੀ ਨਹੀਂ ਹੈ।'' (ਉਹਨੇ ਯਿਸੂ ਨੂੰ ਦੱਸਿਆ ਸੀ, ''ਨਾ ਚੱਲ ਸਕਣ ਵਿਚ ਮੇਰੀ ਕੋਈ ਗ਼ਲਤੀ ਨਹੀਂ ਹੈ।'' ਹੁਣ ਉਹਨੇ ਫ਼ਰੀਸੀਆਂ ਨੂੰ ਦੱਸਿਆ, ''ਮੇਰੇ *ਚੱਲਣ* ਵਿਚ ਮੇਰੀ ਗਲਤੀ ਨਹੀਂ ਹੈ।'') ''ਉਹ ਨੇ ਉਹਨਾਂ ਨੂੰ ਉੱਤਰ ਦਿੱਤਾ ਕਿ ਜਿਹ ਨੇ ਮੈਨੂੰ ਚੰਗਾ ਕੀਤਾ ਉਸ ਨੇ ਮੈਨੂੰ ਆਖਿਆ, ਆਪਣੀ ਮੰਜੀ ਚੁੱਕ ਕੇ ਤੁਰ ਪਓ'' (ਆਇਤ 11)। ਦੂਜੇ ਸ਼ਬਦਾਂ ਵਿਚ, ''ਜੇ ਇਸ ਆਦਮੀ ਕੋਲ ਮੈਨੂੰ ਚੰਗਾ ਕਰਨ ਦਾ ਅਧਿਕਾਰ ਸੀ ਤਾਂ ਬੇਸ਼ੱਕ ਉਹਨੂੰ ਆਪਣੀ ਮੰਜੀ ਚੁੱਕਣ ਲਈ ਕਹਿਣ ਦਾ ਵੀ ਅਧਿਕਾਰ ਸੀ!''

''ਉਹਨਾਂ ਨੇ ਉਸ ਤੋਂ ਪੁੱਛਿਆ ਉਹ ਕਿਹੜਾ ਆਦਮੀ ਹੈ ਜਿਹ ਨੇ ਤੈਨੂੰ ਆਖਿਆ ਭਈ ਚੁੱਕ ਕੇ ਤੁਰ ਪਓ? ਪਰ ਉਹ ਜਿਹੜਾ ਚੰਗਾ ਹੋਇਆ ਸੀ ਨਹੀਂ ਸੀ ਜਾਣਦਾ ਕਿ ਉਹ ਕੌਣ ਹੈ ਕਿਉਂ ਜੋ ਉਸ ਥਾਂ ਦੀ ਭੀੜ ਦੇ ਹੋਣ ਕਰਕੇ ਯਿਸੂ ਉੱਥੋਂ ਟਲ ਗਿਆ ਸੀ'' (ਆਇਤ 12, 13)। ਪਹਿਲਾਂ ਕਹੀ ਗਈ ਗੱਲ ਵੱਲ ਧਿਆਨ ਦਿਓ: ਇਸ ਆਦਮੀ ਨੂੰ ਕੋਈ ਪਤਾ ਨਹੀਂ ਸੀ ਕਿ ਯਿਸੂ ਕੌਣ ਸੀ। ਯਿਸੂ ਨੇ ਉਸਨੂੰ ਚੰਗਾ ਕੀਤਾ ਅਤੇ ਫਿਰ ਭੀੜ ਵਿਚ ਗੁੰਮ ਹੋ ਗਿਆ ਸੀ।

**ਰੂਹ ਦੀ ਚੰਗਾਈ (ਯੂਹੰਨਾ 5: 14-16)**

ਯਿਸੂ ਨੇ ਅਜੇ ਇਸ ਆਦਮੀ ਦਾ ਖਹਿੜਾ ਨਹੀਂ ਛੱਡਿਆ ਸੀ। ''ਇਹ ਦੇ ਪਿੱਛੋਂ ਯਿਸੂ ਉਹਨੂੰ ਹੈਕਲ ਵਿਚ ਮਿਲਿਆ [ਬੇਸ਼ੱਕ ਉਹ ਉੱਥੇ ਸੰਪੂਰਣ ਬਣਾਏ ਜਾਣ ਲਈ ਪ੍ਰਮੇਸ਼ਵਰ ਦੀ ਵਡਿਆਈ ਕਰਨ ਲਈ ਗਿਆ ਸੀ], ਅਤੇ [ਯਿਸੂ] ਨੇ ਕਿਹਾ ਵੇਖ, ਹੁਣ ਤੂੰ ਚੰਗਾ ਹੋ ਗਿਆ ਹੈਂ;[9] ਫੇਰ ਪਾਪ ਨਾ ਕਰੀਂ ਕਿਤੇ ਐਉਂ ਨਾ ਹੋਵੇ ਜੋ ਐਸ ਨਾਲੋਂ ਵੀ ਕੋਈ ਬੁਰੀ ਬਿਪਤਾ ਤੇਰੇ ਉੱਤੇ ਆ ਪਏ'' (ਆਇਤ 14)। ਯਿਸੂ ਦੁਆਰਾ ਕਹੀ ਗਈ ''ਇਸ ਨਾਲੋਂ ਵੀ ਕੋਈ ਬੁਰੀ'' ਉਸ ਤੋਂ ਵੀ ਭੈੜੀ ਬੀਮਾਰੀ ਜਾਂ ਨਰਕ ਦੀ ਗੱਲ ਹੋ ਸਕਦੀ ਹੈ। ਜ਼ਿੰਦਗੀ ਭਾਵੇਂ ਕਿੰਨੀ ਵੀ ਬੁਰੀ ਕਿਉਂ ਨਾ ਹੋਵੇ, ਨਰਕ ਦੀ ਹਮੇਸ਼ਾ ਵਾਲੀ ਅੱਗ ਨਾਲੋਂ ਬੁਰੀ ਨਹੀਂ ਹੋ ਸਕਦੀ।

ਬਹੁਤ ਸਾਰੇ ਟੀਕਾਕਾਰ ਯਿਸੂ ਦੇ ਸ਼ਬਦਾਂ ਨੂੰ ਇਸ ਗੱਲ ਦਾ ਸੰਕੇਤ ਮੰਨਦੇ ਹਨ ਕਿ ਉਸ ਆਦਮੀ ਦੀ ਬੀਮਾਰੀ ਪਹਿਲਾਂ ਕੀਤੇ ਕਿਸੇ ਪਾਪ ਦਾ ਫ਼ਲ ਸੀ। ਹੋ ਸਕਦਾ ਹੈ। ਯੂਹੰਨਾ 9 ਵਿਚ ਯਿਸੂ ਨੇ ਜ਼ੋਰ ਦੇ ਕੇ ਕਿਹਾ ਕਿ ਜ਼ਰੂਰੀ ਨਹੀਂ ਕਿ *ਹਰ* ਬੀਮਾਰੀ ਪਾਪ ਦੇ ਕਾਰਣ ਹੀ ਹੋਵੇ। ਫਿਰ ਵੀ *ਕੁਝ* ਰੋਗ ਅਜਿਹੇ ਹੁੰਦੇ ਹਨ-ਜਿਵੇਂ ਅੱਜ ਦੇ HIV ਵਾਇਰਸ ਜਾਂ ਏਡਜ਼ ਦੀ ਮਹਾਂਮਾਰੀ ਤੋਂ ਪਤਾ ਲਗਦਾ ਹੈ। HIV ਵਾਇਰਸ ਹਰ ਇਨਸਾਨ ਦੇ ਨਿੱਜੀ ਪਾਪ ਦਾ ਨਤੀਜਾ ਨਹੀਂ ਹੁੰਦਾ ਬਲਕਿ ਇਹ ਦੇਹ ਦਾ ਪਾਪ ਕਰਨ ਵਾਲਿਆਂ ਦੇ ਪਾਪ ਕਾਰਣ ਹੋ ਸਕਦਾ ਹੈ।

ਪਰ ਇਹ ਵੀ ਹੋ ਸਕਦਾ ਹੈ ਕਿ ਉਸ ਆਦਮੀ ਦੀ ਜ਼ਿੰਦਗੀ ਵਿਚ ਪਾਪ ਅਤੇ ਉਸ ਦੀ ਸਰੀਰਕ ਸਥਿਤੀ ਵਿਚ ਕੋਈ ਸਿੱਧਾ ਸਬੰਧ ਨਾ ਹੋਵੇ। ਸ਼ਾਇਦ ਯਿਸੂ ਉਸ ਆਦਮੀ ਦੀ *ਸਭ ਤੋਂ ਵੱਡੀ* ਮੁਸ਼ਕਲ ਹੀ ਹੱਲ ਕਰਨਾ ਚਾਹੁੰਦਾ ਸੀ। ਯਿਸੂ ਦੀ ਤਰਜੀਹ ਰੂਹ ਦੀ ਚੰਗਾਈ ਹੁੰਦੀ ਸੀ,

ਨਾ ਕਿ ਜਿਸਮ ਦੀ ਚੰਗਾਈ।[10] (ਮੇਰੇ ਇਕ ਮਿੱਤਰ[11] ਦਾ ਸੁਝਾਅ ਹੈ ਕਿ ਯਿਸੂ ਨੇ ਕਿਹਾ, ''ਦੁਬਾਰਾ ਪਾਪ ਨਾ ਕਰੀਂ'' ਕਿਉਂਕਿ ਉਹ ਆਦਮੀ ਅਠੱਤੀ ਸਾਲ ਤਕ ਕੋਈ ਬੁਰਾਈ ਨਹੀਂ ਕਰ ਸਕਿਆ ਸੀ ਅਤੇ ਹੁਣ ਉਹਦਾ ਇਰਾਦਾ ਸੀ ਕਿ ਜੋ ਕੁਝ ਉਹ ਬੀਮਾਰ ਰਹਿੰਦਿਆਂ ਨਹੀਂ ਕਰ ਸਕਿਆ ਉਹ ਸਭ ਕਰੇਗਾ-ਇਸ ਵਿਚ ਉਹ ਸਭ ਗੱਲਾਂ ਵੀ ਸਨ ਜਿਹੜੀਆਂ ਉਹਨੂੰ ਨਹੀਂ ਕਰਨੀਆਂ ਚਾਹੀਦੀਆਂ ਸਨ!)।

ਯਿਸੂ ਦੇ ਸ਼ਬਦਾਂ ''ਫੇਰ ਪਾਪ ਨਾ ਕਰੀਂ'' ਦਾ ਅਰਥ ਜੋ ਵੀ ਹੋਵੇ, ਪਰ ਇਹ ਸੱਚਾਈ ਸਪਸ਼ਟ ਹੈ ਕਿ ਯਿਸੂ ਦਾ ਧਿਆਨ ਉਸਦੀ ਰੂਹਾਨੀ ਚੰਗਾਈ ਸੀ। ਜੇ ਸਿਰਫ਼ ਉਹਦਾ ਜਿਸਮ ਹੀ ਚੰਗਾ ਹੁੰਦਾ, ਪਰ ਪ੍ਰਮੇਸ਼ਵਰ ਨਾਲ ਉਹਦਾ ਸਬੰਧ ਵਿਗੜਿਆ ਰਹਿੰਦਾ ਤਾਂ ਜਿਸਮਾਨੀ ਚੰਗਾਈ ਦਾ ਕੋਈ ਫ਼ਾਇਦਾ ਨਹੀਂ ਹੋਣਾ ਸੀ। ਯਿਸੂ ਦਾ ਧਿਆਨ ਉਹਦੀ ਦੇਹ ਵੱਲ, ਉਹਦੇ ਮਨ ਵੱਲ ਅਤੇ ਸਭ ਤੋਂ ਵਧ ਕੇ ਉਹ ਦੀ ਰੂਹ ਵੱਲ ਸੀ।

ਆਇਤ 15 ਦੀ ਸ਼ੁਰੂਆਤ ਇਸ ਕਹਾਣੀ ਨੂੰ ਸਮੇਟ ਦਿੰਦੀ ਹੈ: ''ਉਸ ਮਨੁੱਖ ਨੇ ਜਾ ਕੇ ਯਹੂਦੀਆਂ ਨੂੰ ਦੱਸਿਆ ਕਿ ਜਿਹ ਨੇ ਮੈਨੂੰ ਚੰਗਾ ਕੀਤਾ ਸੋ ਯਿਸੂ ਹੈ।'' ਸ਼ਾਇਦ ਉਹ ਆਦਮੀ ਯਿਸੂ ਦਾ ਭੇਤ ਲੈਣ ਦੀ ਕੋਸ਼ਿਸ਼ ਹੀ ਕਰ ਰਿਹਾ ਸੀ ਤਾਂ ਕਿ ਯਹੂਦੀਆਂ ਦੇ ਇਸ ਸਵਾਲ ਦਾ ਜਵਾਬ ਦੇ ਸਕੇ ਕਿ ''ਉਹ ਕਿਹੜਾ ਆਦਮੀ ਹੈ ਜਿਹ ਨੇ ਤੈਨੂੰ ਆਖਿਆ ਭਈ ਮੰਜੀ ਚੁੱਕ ਕੇ ਤੁਰ ਪਓ?'' (ਆਇਤ 12)। ਪਰ ਮੈਨੂੰ ਨਹੀਂ ਲਗਦਾ ਕਿ ਉਹਦੇ ਮਨ 'ਚ ਇਹ ਗੱਲ ਸੀ। ਧਿਆਨ ਦਿਓ ਕਿ ਉਹਦੀ ਗਵਾਹੀ ਕੀ ਸੀ। ਉਹਨੇ ਇਹ ਨਹੀਂ ਕਿਹਾ ਕਿ ਉਹਨੂੰ ਆਪਣੀ ਮੰਜੀ ਚੁੱਕ ਕੇ ਤੁਰਨ ਫਿਰਨ ਲਈ ਯਿਸੂ ਨੇ ਕਿਹਾ ਸੀ। ਸਗੋਂ, ਉਹਨੇ ਕਿਹਾ ਕਿ ''*ਜਿਸਨੇ ਮੈਨੂੰ ਚੰਗਾ ਕੀਤਾ* ਸੋ ਯਿਸੂ ਹੈ''! ਉਸ ਨੂੰ ਯਿਸੂ ਤੇ ਵਿਸ਼ਵਾਸ ਸੀ; ਇਸ ਲਈ ਉਹਨੇ ਆਪਣੇ ਪ੍ਰਭੂ ਦੀ ਸ਼ਕਤੀ ਅਤੇ ਸ਼ਖ਼ਸੀਅਤ ਦੀ ਗਵਾਹੀ ਦਿੱਤੀ! ਉਸ ਆਦਮੀ ਦੇ ਸਰੀਰ ਅਤੇ ਮਨ ਦੇ ਨਾਲ ਨਾਲ ਉਹਦੀ ਰੂਹ ਵੀ ਚੰਗੀ ਹੋ ਗਈ ਸੀ।

ਯੂਹੰਨਾ ਨੇ ਇਹ ਸੰਪਾਦਕੀ ਟਿੱਪਣੀ ਦੇ ਕੇ ਇਸ ਕਹਾਣੀ ਨੂੰ ਮੁਕਾਇਆ: ''ਇਸੇ ਕਾਰਣ ਯਹੂਦੀਆਂ ਨੇ ਯਿਸੂ ਨੂੰ ਸਤਾਇਆ ਜੋ ਉਹ ਸੱਬਤ ਦੇ ਦਿਨ ਇਹ ਕੰਮ ਕਰਦਾ ਹੁੰਦਾ ਸੀ'' (ਆਇਤ 16)।

## ਯਿਸੂ ਸਾਨੂੰ ਸਭ ਨੂੰ ਚੰਗਾ ਕਰ ਸਕਦਾ ਹੈ

ਇਸ ਦੇ ਨਾਲ ਹੀ ਤਲਾਅ ਕੰਢੇ ਉਸ ਆਦਮੀ ਦੀ ਚੰਗਾਈ ਦੀ ਕਹਾਣੀ ਮੁੱਕ ਜਾਂਦੀ ਹੈ, ਪਰ ਬਾਈਬਲ ਦੀ ਗੱਲ ਨਹੀਂ ਮੁੱਕੀ ਹੈ, ਮੈਂ ਚਾਹੁੰਦਾ ਹਾਂ ਕਿ ਅਸੀਂ ਉਸ ਮੌਕੇ ਤੇ ਮੌਜੂਦ ਇਕ ਹੋਰ ਸਮੂਹ ਬਾਰੇ ਵਿਚਾਰ ਕਰੀਏ। ਫਿਰ ਅਸੀਂ ਸਾਰੇ ਉਸ ਨੂੰ ਆਪਣੇ ਉੱਤੇ ਲਾਗੂ ਕਰੀਏ।

### ਫ਼ਰੀਸੀਆਂ ਲਈ ਸਵਾਲ

ਭਲਾ ਤੁਸੀਂ ਕਦੇ ਇਹ ਵਿਚਾਰ ਕੀਤਾ ਹੈ ਕਿ ਯਿਸੂ *ਯਹੂਦੀ ਆਗੂਆਂ* ਨੂੰ ਵੀ ਪੁੱਛ ਸਕਦਾ ਸੀ ਕਿ ''ਕੀ *ਤੁਸੀਂ* ਸੱਚਮੁੱਚ ਚੰਗਾ ਹੋਣਾ ਚਾਹੁੰਦੇ ਹੋ?'' ਇਸ ਤੇ ਵਿਚਾਰ ਕਰੋ: ਯਿਸੂ ਦੇ ਰਸੂਲਾਂ ਦੇ ਇਲਾਵਾ ਹੋਰ ਕਿਹਨੇ ਯਿਸੂ ਦੇ ਮੋਅਜਜ਼ਿਆਂ ਨੂੰ ਵੇਖਿਆ ਅਤੇ ਉਹਦੀ ਸਿੱਖਿਆ ਨੂੰ ਸਭ ਤੋਂ ਵੱਧ ਸੁਣਿਆ ਹੋਵੇਗਾ? ਗ੍ਰੰਥੀਆਂ ਅਤੇ ਫ਼ਰੀਸੀਆਂ, ਉਹਦੇ ਅਲੋਚਕਾਂ ਨੇ ਜਿਹੜੇ ਉਹਨੂੰ ਫ਼ਸਾਉਣ ਦੇ ਚੱਕਰ 'ਚ ਜਾਂ ਉਹਦੇ ਵਿਚ ਕੁਝ ਨਾ ਕੁਝ ਨੁਕਸ ਲੱਭਣ ਲਈ ਪਰਛਾਵੇਂ

ਵਾਂਗ ਉਹਦੇ ਪਿੱਛੇ-ਪਿੱਛੇ ਰਹਿੰਦੇ ਸਨ। ਇਸ ਕਹਾਣੀ ਦੇ ਥੋੜ੍ਹੀ ਦੇਰ ਬਾਅਦ ਹੀ, ਉਹ ਕਣਕ ਦੇ ਇਕ ਖੇਤ ਵਿਚ ਲੁਕੇ ਹੋਏ ਸਨ! ਉਹਨਾਂ ਨੇ ਯਿਸੂ ਦੇ ਚੇਲਿਆਂ 'ਤੇ ਸੱਬਤ ਦੀ ਉਲੰਘਣਾ ਦਾ ਇਲਜ਼ਾਮ ਲਾਇਆ ਸੀ ਕਿਉਂਕਿ ਉਹਨਾਂ ਨੇ ਕਣਕ ਦੇ ਸਿੱਟਿਆਂ ਵਿੱਚੋਂ ਦਾਣੇ ਕੱਢ ਕੇ ਖਾਧੇ ਸਨ (ਮੱਤੀ 12:1, 2)।

ਇਹਨਾਂ ਯਹੂਦੀਆਂ ਨੂੰ ਯਿਸੂ ਕੋਲੋਂ ਰੂਹਾਨੀ ਚੰਗਾਈ ਪਾਉਣ ਦਾ ਹਰ ਮੌਕਾ ਮਿਲਿਆ। ਸਦੀਆਂ ਤੋਂ ਯਹੂਦੀ ਕੌਮ ਮਸੀਹ ਦੇ ਆਉਣ ਦਾ ਇੰਤਜ਼ਾਰ ਕਰ ਰਹੀ ਸੀ। ਉਹ ਮਸੀਹ ਦੇ ਆਉਣ ਬਾਰੇ ਕੀਤੀਆਂ ਗਈਆਂ ਨਬੂਵਤਾਂ ਤੋਂ ਜਾਣੂ ਸਨ ਕਿ ਮਸੀਹ ਕਿਹੋ ਜਿਹਾ ਹੋਵੇਗਾ, ਅਤੇ ਉਹ ਕੀ ਕਰੇਗਾ। ਯਿਸੂ ਨੇ ਹਰ ਭਵਿੱਖਬਾਣੀ ਜਾਂ ਨਬੂਵਤ ਨੂੰ ਪੂਰਾ ਕੀਤਾ।

ਉਨ੍ਹਾਂ ਦਾ ਐਲਾਨ ਸੀ ਕਿ ''ਅਸੀਂ ਚਾਹੁੰਦੇ ਹਾਂ ਕਿ ਮਸੀਹ ਆਵੇ! ਅਸੀਂ ਚਾਹੁੰਦੇ ਹਾਂ ਕਿ ਉਹ ਸਾਡੀ ਕੌਮ ਨੂੰ ਚੰਗਾਈ ਦੇਵੇ!'' ਯਿਸੂ ਉਹਨਾਂ ਕੋਲੋਂ ਪੁੱਛ ਸਕਦਾ ਸੀ ''ਕੀ ਤੁਸੀਂ *ਸੱਚਮੁੱਚ* ਚੰਗਾ ਹੋਣਾ ਚਾਹੁੰਦੇ ਹੋ?''

ਯੂਹੰਨਾ 5 ਦੇ ਆਖ਼ਰੀ ਹਿੱਸੇ ਵਿੱਚ, ਅਸੀਂ ਇਹਨਾਂ ਯਹੂਦੀ ਆਗੂਆਂ ਲਈ ਯਿਸੂ ਦਾ ਮਹਾਨ ਸੰਦੇਸ਼ ਵੇਖਦੇ ਹਾਂ (ਆਇਤਾਂ 19-47)। ਇਸ ਉਪਦੇਸ਼ ਵਿਚ ਯਿਸੂ ਨੇ ਤਿੰਨ ਵੱਡੇ ਦਾਅਵੇ ਕੀਤੇ: (1) ਉਹ ਪ੍ਰਮੇਸ਼ਵਰ ਦੇ ਵਾਂਗ ਸੀ, (2) ਉਹ ਪ੍ਰਮੇਸ਼ਵਰ ਵਾਲੇ ਕੰਮ ਕਰਦਾ ਸੀ, ਅਤੇ (3) ਉਸ ਵਿਚ ਪ੍ਰਮੇਸ਼ਵਰ ਵਾਲੀ ਸ਼ਕਤੀ ਸੀ। ਉਸ ਨੇ ਆਤਮਿਕ ਜੀਵਨ ਦਿੱਤਾ (ਆਇਤ 21), ਉਹ ਮੁਰਦਿਆਂ ਨੂੰ ਜਿਵਾਏਗਾ (ਆਇਤਾਂ 28, 29), ਅਤੇ ਸਭ ਲੋਕਾਂ ਦਾ ਨਿਆਂ ਕਰੇਗਾ (ਆਇਤਾਂ 22, 23)। ਉਹਦੇ ਸੰਦੇਸ਼ ਵਿਚ ਲੱਖਾਂ ਕਰੋੜਾਂ ਲੋਕਾਂ ਨੂੰ ਬਚਾਉਣ ਲਈ ਜ਼ਰੂਰੀ ਸੱਚਾਈ ਅਤੇ ਸਬੂਤ ਸੀ।

ਯਿਸੂ ਉਨ੍ਹਾਂ ਕੋਲੋਂ ਪੁੱਛ ਸਕਦਾ ਸੀ, ''ਕੀ ਤੁਸੀਂ ਆਪਣੀਆਂ ਸਾਰੀਆਂ ਰੂਹਾਨੀ ਬੀਮਾਰੀਆਂ ਤੋਂ ਚੰਗਾਈ ਨਹੀਂ *ਚਾਹੁੰਦੇ*?'' ਜੇ ਉਹ ਉਨ੍ਹਾਂ ਨੂੰ ਇਸ ਤਰ੍ਹਾਂ ਪੁੱਛਦਾ ਤਾਂ ਹੋ ਸਕਦਾ ਸੀ ਕਿ ਇਹ ਜਵਾਬ ਮਿਲਦਾ: ''ਹਾਂ ... ਸ਼ਰਤ ਇਹ ਹੈ ਕਿ ਨਾ ਤਾਂ ਸਾਨੂੰ ਆਪਣੀਆਂ ਪਰੰਪਰਾਵਾਂ ਅਤੇ ਨਾ ਹੀ ਪਿਛਲੀ ਸੋਚ ਬਦਲਣੀ ਪਵੇ।'' ਯਾਨੀ, ''ਸਾਨੂੰ ਲੋੜ ਤਾਂ ਹੈ ਪਰ ਜੇ ਇਸਦੀ ਕੋਈ ਕੀਮਤ ਨਾ ਦੇਣੀ ਪਵੇ!''

**ਸਾਡੇ ਲਈ ਸਵਾਲ**

ਇਹੀ ਸਵਾਲ ਜੇ ਸਾਨੂੰ ਪੁੱਛਿਆ ਜਾਵੇ ਤਾਂ ਕੀ ਅਸੀਂ ਇਸ ਨੂੰ ਸੁਣਨ ਲਈ ਤਿਆਰ ਹਾਂ? ਮੈਂ ਤੁਹਾਨੂੰ ਪਹਿਲਾਂ ਹੀ ਦੱਸ ਦਿੰਦਾ ਹਾਂ ਕਿ ਇਹ ਸਵਾਲ ਤੁਹਾਨੂੰ ਦੁਖੀ ਕਰ ਸਕਦਾ ਹੈ! ਤੁਹਾਨੂੰ ਤਕਲੀਫ਼ ਵੀ ਹੋ ਸਕਦੀ ਹੈ! ਹੋ ਸਕਦਾ ਹੈ ਕਿ ਇਹ ਸਵਾਲ ਤੁਹਾਨੂੰ ਬੇਚੈਨ ਕਰ ਦੇਵੇ! (ਮੈਂ ਯਕੀਨ ਨਾਲ ਕਹਿੰਦਾ ਹਾਂ, ਜਿਵੇਂ ਮੇਰੇ ਪਿਤਾ ਜੀ ਕਹਿੰਦੇ ਹੁੰਦੇ ਸਨ, ਤੁਹਾਡੇ ਨਾਲੋਂ ਵੱਧ ਇਹਦੀ ਤਕਲੀਫ਼ ਮੈਨੂੰ ਹੋਵੇਗੀ!)

ਤੁਸੀਂ ਮੋਟੇ ਹੋ? ਕੀ ਤੁਸੀਂ *ਸੱਚਮੁੱਚ* ਵਜ਼ਨ ਘਟਾਉਣਾ ਚਾਹੁੰਦੇ ਹੋ? ਯਾਨੀ ਤੁਸੀਂ ਖਾਣਾ ਘੱਟ ਖਾਣ ਅਤੇ ਕਸਰਤ ਕਰਨ ਦੀ ਕੀਮਤ ਦੇਣ ਨੂੰ ਤਿਆਰ ਹੋ? (ਆਪਣੇ ਨੇੜੇ ਲੋਕਾਂ ਨੂੰ ਖਾਂਦੇ ਵੇਖ ਕੇ ਸਾਹਮਣੇ ਪਈਆਂ ਪਸੰਦੀਦਾ ਚੀਜਾਂ ਨਾ ਖਾਣ ਤੇ ਕਿੰਨਾ ਬੁਰਾ ਲਗਦਾ ਹੈ!)

ਕੀ ਤੁਸੀਂ ਵੀ ਉਹਨਾਂ ਲੋਕਾਂ ਵਿੱਚੋਂ ਹੋ ਜਿਹਨਾਂ ਨੂੰ ਲਗਦਾ ਹੈ ਕਿ ਉਹਨਾਂ ਨੂੰ ਕੋਈ ਵੱਡੀ ਬੀਮਾਰੀ ਤਾਂ ਨਹੀਂ ਪਰ ਸਿਹਤ ਖ਼ਰਾਬ ਲਗਦੀ ਹੈ? ਕੀ ਤੁਸੀਂ ਚੰਗਾ ਹੋਣਾ ਚਾਹੁੰਦੇ ਹੋ? ਸਹੀ

ਖਾਣਾ ਖਾ ਕੇ ਅਤੇ ਜ਼ਰੂਰੀ ਕਸਰਤ ਕਰਨ ਦੇ ਇਲਾਵਾ ਕੀ ਤੁਸੀਂ ਆਪਣੀ ਜ਼ਿੰਦਗੀ ਅਤੇ ਆਪਣੇ ਰੁਝੇਵਿਆਂ ਉੱਤੇ ਫਿਰ ਤੋਂ ਵਿਚਾਰ ਕਰਨ ਨੂੰ ਤਿਆਰ ਹੋ, ਤਾਂ ਜੋ ਤੁਸੀਂ ਆਪਣੇ ਸਰੀਰ, ਦਿਮਾਗ਼ ਅਤੇ ਰੂਹ ਨੂੰ ਅਰਾਮ ਦੇ ਸਕੋ? ਦੂਜੇ ਸ਼ਬਦਾਂ ਵਿਚ, ਕੀ ਤੁਸੀਂ ਚੰਗਾ ਹੋਣ ਲਈ ਕੀਮਤ ਦੇਣ ਨੂੰ ਤਿਆਰ ਹੋ?

ਕੋਈ ਅਜਿਹਾ ਹੈ ਜਿਸਦੇ ਨਾਲ ਤੁਹਾਡੇ ਸਬੰਧ ਵਿਗੜੇ ਹੋਏ ਹੋਣ? ਕੀ ਤੁਸੀਂ ਸੱਚਮੁੱਚ ਉਸ ਸ਼ਖ਼ਸ ਨਾਲ ਆਪਣੇ ਸਬੰਧ ਸੁਧਾਰਨਾ ਚਾਹੁੰਦੇ ਹੋ? ਕੀ ਤੁਸੀਂ ਕੀਮਤ ਦੇਣ ਲਈ ਤਿਆਰ ਹੋ? ਕੀ ਤੁਸੀਂ ਆਪਣੇ ਹੰਕਾਰ ਨੂੰ ਪੀ ਕੇ ਇਹ ਕਹਿਣ ਲਈ ਤਿਆਰ ਹੋ ਕਿ ''ਮੈਨੂੰ ਮਾਫ਼ ਕਰ ਦੇ''? ਕੀ ਤੁਸੀਂ ਐਨੇ ਵੱਡੇ ਆਦਮੀ ਹੋ ਸਕਦੇ ਹੋ ਕਿ ਦੂਜਾ ਭਾਵੇਂ ਭਲਾਈ ਕਰੇ ਜਾਂ ਨਾ ਕਰੇ ਪਰ ਤੁਸੀਂ ਜ਼ਰੂਰ ਕਰੋਗੇ? ਕੀ ਤੁਸੀਂ ਸੇਵਕ ਬਣਨਾ ਸਿੱਖ ਸਕਦੇ ਹੋ?

ਕੀ ਤੁਸੀਂ ਸੁਖੀ ਵਿਆਹੁਤਾ ਜੀਵਨ ਜਾਂ ਸੁਖੀ ਪਰਿਵਾਰ ਚਾਹੁੰਦੇ ਹੋ? ਅਸੀਂ ਕਹਿੰਦੇ ਹਾਂ ਕਿ ਹਾਂ ਅਸੀਂ ਚਾਹੁੰਦੇ ਹਾਂ, ਪਰ ਇਸ ਸਭ ਦੇ ਲਈ ਆਪਣੇ ਆਪ ਵਿਚ ਬਦਲਾਅ ਲਿਆਉਣਾ ਜ਼ਰੂਰੀ ਹੈ ... ਅਤੇ ਬਦਲਾਅ ਲਈ ਕਸ਼ਟ ਸਹਿਣਾ ਪੈਂਦਾ ਹੈ ... ਅਤੇ ਕਸ਼ਟ ਅਸੀਂ ਸਹਿਣਾ ਨਹੀਂ ਚਾਹੁੰਦੇ।

ਕੀ ਤੁਸੀਂ ਆਪਣੇ ਆਪ ਨੂੰ ਦੋਸ਼ੀ ਸਮਝਦੇ ਹੋ? ਕੀ ਤੁਸੀਂ ਇਸ ਮਨ ਦੀ ਪੀੜਾ ਤੋਂ ਸੱਚਮੁੱਚ ਛੁਟਕਾਰਾ ਚਾਹੁੰਦੇ ਹੋ? ਕੀ ਤੁਸੀਂ ਪ੍ਰਮੇਸ਼ਵਰ ਦੀ ਨਜ਼ਰ ਵਿਚ ਆਪਣੇ ਆਪ ਨੂੰ ਹਲੀਮ ਕਰਕੇ ਆਪਣੀ ਇੱਛਾ ਪੂਰੀ ਤਰ੍ਹਾਂ ਨਾਲ ਉਹਦੇ ਅੱਗੇ ਸੌਂਪਣ ਲਈ ਤਿਆਰ ਹੋ? ਕੀ ਤੁਸੀਂ ਆਪਣੇ ਪਾਪਾਂ ਤੋਂ ਐਨੇ ਦੁਖੀ ਹੋ ਕਿ ਆਪਣੇ ਜੀਊਣ ਦੇ ਢੰਗ ਨੂੰ ਬਦਲਣਾ ਚਾਹੁੰਦੇ ਹੋ (ਬਾਈਬਲ ਇਸ ਨੂੰ ''ਤੌਬਾ'' ਕਹਿੰਦੀ ਹੈ)? ਜੇ ਤੁਸੀਂ ਪਾਪਾਂ ਦੀ ਮਾਫ਼ੀ ਲਈ ਬਪਤਿਸਮਾ (ਪਾਣੀ ਵਿਚ ਡੁਬਕੀ) ਨਹੀਂ ਲਿਆ (ਰਸੂਲਾਂ ਦੇ ਕੰਮ 2:38), ਤਾਂ ਕੀ ਤੁਸੀਂ ਲੈਣ ਲਈ ਤਿਆਰ ਹੋ? ਜੇ ਤੁਸੀਂ ਪ੍ਰਮੇਸ਼ਵਰ ਦੀ ਸੰਤਾਨ ਹੋ ਕੇ ਪਾਪ ਕੀਤਾ ਹੈ ਤਾਂ ਕੀ ਤੁਸੀਂ ਆਪਣੇ ਆਪ ਨੂੰ ਪ੍ਰਮੇਸ਼ਵਰ ਦੀ ਕਿਰਪਾ ਅੱਗੇ ਝੁਕਾਉਣ ਲਈ ਤਿਆਰ ਹੋ (1 ਯੂਹੰਨਾ 1:9)? ਜੇ ਤੁਹਾਡੇ ਕਿਸੇ ਕੰਮ ਨਾਲ ਤੁਹਾਡੇ ਪ੍ਰਭਾਵ ਤੇ ਅਸਰ ਪਿਆ ਹੈ, ਤਾਂ ਕੀ ਤੁਸੀਂ ਲੋਕਾਂ ਸਾਹਮਣੇ ਆਪਣੀ ਗਲਤੀ ਮੰਨ ਕੇ ਨਵੇ ਸਿਰਿਓਂ ਸ਼ੁਰੂਆਤ ਕਰਨ ਲਈ ਤਿਆਰ ਹੋ (ਯਾਕੂਬ 5:16)? ਕੀ ਤੁਸੀਂ ਕੀਮਤ ਚੁਕਾਉਣ ਲਈ ਤਿਆਰ ਹੋ?

ਤੁਹਾਡੀ *ਕੋਈ ਵੀ* ਮੁਸ਼ਕਲ ਹੋਵੇ, ਯਿਸੂ ਤੁਹਾਡੀ ਮਦਦ ਕਰ ਸਕਦਾ ਹੈ *ਪਰ* ਜੇ ਤੁਸੀਂ ਉਹਨੂੰ ਮਦਦ ਕਰਨ ਦਿਓ, ਜੇ ਤੁਸੀਂ ਕੀਮਤ ਦੇਣ ਲਈ ਤਿਆਰ ਹੋ ਤਾਂ ਯਿਸੂ ਵੱਲ ਤੱਕੋ। ਜੋ ਸਹੀ ਹੈ ਉਹੀ ਕਰਨ ਦੀ ਕੋਸ਼ਿਸ਼ ਕਰੋ। ਤਲਾਅ ਕੰਢੇ ਵਾਲੇ ਆਦਮੀ ਨੇ ਜਦ ਕੋਸ਼ਿਸ਼ ਕੀਤੀ, ਤਾਂ ਯਿਸੂ ਨੇ ਉਹਨੂੰ ਖੜਾ ਹੋਣ ਅਤੇ ਚੱਲਣ ਦੀ ਸ਼ਕਤੀ ਦਿੱਤੀ। ਭਰੋਸਾ ਰੱਖੋ ਕਿ ਯਿਸੂ ਤੁਹਾਡੀ ਹਰ ਲੋੜ ਪੂਰੀ ਕਰੇਗਾ ਜੋ ਤੁਸੀਂ ਆਪਣੇ ਆਪ ਨਹੀਂ ਕਰ ਸਕਦੇ।

ਯਿਸੂ ਤੁਹਾਡੀ ਦੇਹ, ਆਤਮਾ, ਅਤੇ ਪ੍ਰਾਣ ਨੂੰ ਚੰਗਾਈ ਦੇ ਸਕਦਾ ਹੈ।

## ਸਾਰ

ਯਿਸੂ ਦਾ ਧਿਆਨ ਹਮੇਸ਼ਾ ਰੂਹ ਤੇ ਹੁੰਦਾ ਹੈ। ਉਹਨੇ ਉਸ ਆਦਮੀ ਨੂੰ ਕਿਹਾ ਸੀ, ''ਫੇਰ ਪਾਪ ਨਾ ਕਰੀਂ, ਕਿਤੇ ਐਓਂ ਨਾ ਹੋਵੇ ਜੋ ਇਸ ਨਾਲੋਂ ਵੀ ਬੁਰੀ ਬਿਪਤਾ ਤੇਰੇ ਉੱਤੇ ਆ ਪਵੇ'' (ਆਇਤ 14)। ਯਿਸੂ ਸਾਡੀਆਂ ਰੂਹਾਂ ਨੂੰ ਹੁਣੇ ਚੰਗਾਈ ਦੇਣਾ ਚਾਹੁੰਦਾ ਹੈ। ਉਹ ਸਾਨੂੰ ਉੱਠ ਕੇ

ਆਪਣੇ ਨਾਲ ਚੱਲਣ ਲਈ ਕਹਿੰਦਾ ਹੈ। ਪਰ ਜੇ ਅਸੀਂ ਚਾਹੁੰਦੇ ਹਾਂ, ਤਾਂ ਅਸੀਂ ਉੱਥੇ ਹੀ ਜਿੱਥੇ ਹਾਂ ਖਲੋ ਸਕਦੇ ਹਾਂ। ਜਦ ਯਿਸੂ ਨੇ ਇਸ ਆਦਮੀ ਨੂੰ ਕਿਹਾ, ''ਉੱਠ, ਆਪਣੀ ਮੰਜੀ ਚੁੱਕ ਤੇ ਚੱਲ ਫਿਰ'' ਤਾਂ ਉਸ ਆਦਮੀ ਲਈ ਇਹੀ ਕਰਨਾ ਜ਼ਰੂਰੀ ਨਹੀਂ ਸੀ। ਉਹਦੀ ਆਪਣੀ ਮਰਜ਼ੀ ਸੀ। ਉਹ ਚਾਹੁੰਦਾ ਤਾਂ ਉੱਥੇ ਹੀ ਪਿਆ ਰਹਿ ਸਕਦਾ ਸੀ। ਪਰ ਜੇ ਉੱਥੇ ਪਿਆ ਰਹਿੰਦਾ ਤਾਂ ਉਹਨੇ ਅਖ਼ੀਰ ਵਿਚ ਉੱਥੇ ਹੀ ਕੀੜੇ ਪੈ ਕੇ ਮਰ ਜਾਣਾ ਸੀ। ਇਸੇ ਤਰ੍ਹਾਂ, ਜਦ ਯਿਸੂ ਸਾਨੂੰ ਬੁਲਾਉਂਦਾ ਹੈ, ਤਾਂ ਉਹਦੀ ਗੱਲ ਮੰਨਣਾ ਜਾਂ ਨਾ ਮੰਨਣਾ ਸਾਡੀ ਆਪਣੀ ਮਰਜ਼ੀ ਹੁੰਦੀ ਹੈ। ਜਿਸ ਮੰਜੀ ਤੇ ਅਸੀਂ ਪਏ ਹਾਂ, ਉੱਥੇ ਪਏ ਰਹਿਣਾ ਵੱਧ ਅਰਾਮਦਾਇਕ ਹੋ ਸਕਦਾ ਹੈ। ਪਰ ਜੇ ਅਸੀਂ ਉੱਥੇ ਹੀ ਪਏ ਰਹਿੰਦੇ ਹਾਂ ਤਾਂ ਕਦੇ ਵੀ ਚੰਗੇ ਨਹੀਂ ਹੋਵਾਂਗੇ। ਫ਼ੈਸਲਾ ਸਾਡੇ ਹੱਥ ਵਿਚ ਹੈ।

ਖ਼ੁਦਾ ਸਾਡੀ ਫ਼ਰੀਸੀਆਂ ਵਰਗੇ ਨਾ ਹੋਣ ਵਿਚ ਮਦਦ ਕਰੇ। ਆਪਣੀਆਂ ਪਰੰਪਰਾਵਾਂ ਨੂੰ ਅਤੇ ਆਪਣੀ ਪਿਛਲੀ ਸੋਚ ਨੂੰ ਤਿਆਗਣ ਵਿਚ ਉਹ ਸਾਡੀ ਮਦਦ ਕਰੇਗਾ। ਆਓ ਅਸੀਂ ਆਪਣੇ ਆਪ ਨੂੰ ਪ੍ਰਭੂ ਦੇ ਅੱਗੇ ਸੌਂਪ ਦਈਏ। ਉਹ *ਜ਼ਰੂਰ* ਸਾਨੂੰ ਚੰਗਾ ਕਰੇਗਾ!

ਤੁਸੀਂ *ਸੱਚਮੁੱਚ* ਚੰਗਾ ਹੋਣਾ ਚਾਹੁੰਦੇ ਹੋ? ਤੁਹਾਡੇ ਹੁੰਗਾਰੇ ਤੋਂ ਤੁਹਾਡੇ ਜਵਾਬ ਦਾ ਸੰਕੇਤ ਮਿਲ ਜਾਵੇਗਾ।

ਟਿੱਪਣੀਆਂ

[1]ਕਈ ਲਿਖਤਾਂ ਵਿਚ ''ਤਿਉਹਾਰ'' ਹੈ। ਜੇ ''ਤਿਉਹਾਰ'' ਸਹੀ ਹੈ, ਤਾਂ ਇਹ ਪਸਾਹ ਦਾ ਤਿਉਹਾਰ ਹੀ ਹੋਵੇਗਾ। [2]ਕੋਈ ਕਹੇਗਾ, ''ਯਿਸੂ ਨੂੰ 'ਚਰਚ ਜਾਣਾ' ਪਸੰਦ ਸੀ।'' [3]ਅੰਗ੍ਰੇਜ਼ੀ ਦੇ ਕਿੰਗ ਜੇਮਸ ਵਰਜ਼ਨ ਦਾ ਅਨੁਵਾਦ ''ਭੇਡਾਂ ਦੀ ਮੰਡੀ'' ਹੈ। [4]ਇਹ ਸ਼ਬਦ ਪੂਰੇ ਦੇ ਪੂਰੇ ਯਾ ਥੋੜ੍ਹੇ-ਥੋੜ੍ਹੇ ਕਈ ਪੁਰਾਤਨ ਹੱਥਲਿਖਤਾਂ ਵਿਚ ਮਿਲਦੇ ਹਨ, ਪਰ ਸਭ ਤੋਂ ਪੁਰਾਣੀਆਂ ਅਤੇ ਭਰੋਸੇ ਯੋਗ ਹੱਥਲਿਖਤਾਂ ਵਿਚ ਨਹੀਂ। [5]ਘੱਟੋ ਘੱਟ, ਉਹਦਾ ਅਜਿਹਾ ਕੋਈ ਮਿੱਤਰ ਨਹੀਂ ਸੀ ਜਿਹੜਾ ਦਿਨ ਸਮੇਂ ਉਹਦੇ ਨਾਲ ਰਹੇ (ਆਇਤ 7)। ਕੋਈ ਹਰ ਰੋਜ਼ ਤਲਾਅ ਤੇ ਪਹੁੰਚਾਉਣ ਲਈ ਉਹਦੀ ਮਦਦ ਕਰਦਾ ਹੋਵੇਗਾ। [6]ਇਹ ਸ਼ਬਦ ਬੋਲਦਿਆਂ ਯਿਸੂ ਦੇ ਮਨ 'ਚ ਭੀੜ ਜਾਂ ਸ਼ਾਇਦ ਆਪਣੇ ਅਲੋਚਕ ਹੋਣਗੇ। [7]ਆਦਮੀ ਦੇ ਜਵਾਬ ਤੋਂ ਸੰਕੇਤ ਮਿਲਦਾ ਹੈ ਕਿ ਪਾਣੀ ਦੇ ''ਹਿਲਾਏ ਜਾਣ'' ਬਾਰੇ ਅਤੇ ਚੰਗਾ ਕਰਨ ਵਾਲੀ ਸ਼ਕਤੀ ਬਾਰੇ ਕੁਝ ਅੰਧਵਿਸ਼ਵਾਸ ਪਾਇਆ ਜਾਂਦਾ ਸੀ। [8]ਪੁਰਾਣਾ ਨੇਮ ਬੋਝ ਚੁੱਕਣ ਲਈ ਨਹੀਂ ਕਹਿੰਦਾ (ਯਿਰਮਿਯਾਹ 17: 19-27; ਨਹਮਯਾਹ 13: 15-19), ਪਰ ਨਹਮਯਾਹ 13: 15 ਇਹ ਸਪਸ਼ਟ ਕਰ ਦਿੰਦਾ ਹੈ ਕਿ ਸੱਬਤ ਵਾਲੇ ਦਿਨ ਵਪਾਰ ਦੀ ਗੱਲ ਮਨ 'ਚੋਂ ਨਿੱਕਲਦੀ ਨਹੀਂ ਸੀ। [9]ਕਾਲ ਦੀ ਵਰਤੋਂ ਤੋਂ ਸੰਕੇਤ ਮਿਲਦਾ ਹੈ ਕਿ ਇਹ ਚੰਗਾਈ ਸਥਾਈ ਸੀ। [10]ਇਸ ਕਿਤਾਬ ਵਿਚ ਪਹਿਲਾਂ ਆਇਆ ''ਯਿਸੂ ਹੀ ਜਵਾਬ ਹੈ'' ਪਾਠ ਵੇਖੋ।

[11]ਡੇਵਿਡ ਡੇਨਮੈਨ।

## ਇਹ ਬੱਚਾ ਕੌਣ ਹੈ? (ਲੂਕਾ 2:8–15)

ਇਕ ਪ੍ਰਚਾਰਕ ਦਾ ਮੰਨਣਾ ਸੀ ਕਿ ਸਾਰੇ ਬੱਚੇ ਇੱਕੋ ਜਿਹੇ ਲਗਦੇ ਹਨ। ਜਦ ਇਕ ਜੋੜੇ ਨੇ ਆਪਣੇ ਨਵਜੰਮੇ ਬੱਚੇ ਨੂੰ ਅੱਗੇ ਕਰਦਿਆਂ ਕਿਹਾ, ''ਐਨਾ ਸੋਹਣਾ ਬੱਚਾ! ਕਿਤੇ ਵੇਖਿਆ ਹੈ ਤੁਸੀਂ?'' ਤਾਂ ਉਹਨੂੰ ਸਮਝ ਨਹੀਂ ਸੀ ਆ ਰਹੀ ਕਿ ਕੀ ਜਵਾਬ ਦੇਵੇ। ਅਖੀਰ, ਉਹਨੇ ਕਿਹਾ, ''ਤੁਹਾਡੇ ਸਾਹਮਣੇ ਈ ਤਾਂ ਹੈ!'' ਸਾਰੇ ਛੋਟੇ ਬੱਚਿਆਂ ਦੀਆਂ ਸ਼ਕਲਾਂ ਥੋੜ੍ਹੀਆਂ ਬਹੁਤ ਰਲਦੀਆਂ

ਮਿਲਦੀਆਂ ਹੋ ਸਕਦੀਆਂ ਹਨ, ਪਰ ਹੁੰਦੇ ਉਹ ਬਿਲਕੁਲ ਫ਼ਰਕ ਹਨ। ਯਕੀਨ ਨਾ ਹੋਵੇ ਤਾਂ ਉਨ੍ਹਾਂ ਦੀਆਂ ਮਾਵਾਂ ਤੋਂ ਪੁੱਛ ਕੇ ਵੇਖ ਲਓ!

ਬਾਲਕ ਯਿਸੂ ਦੂਸਰੇ ਸਭ ਬੱਚਿਆਂ ਨਾਲੋਂ ਨਿਰਾਲਾ ਸੀ ਕਿਉਂਕਿ ਉਹ ਪ੍ਰਮੇਸ਼ਵਰ ਦਾ ਪੁੱਤਰ ਸੀ। ਉਹਦੇ ਜਨਮ ਦੇ ਸਮੇਂ ਦੀਆਂ ਘਟਨਾਵਾਂ ਨੇ ਸੰਸਾਰ ਵਿਚ ਇਸ ਗੱਲ ਦਾ ਐਲਾਨ ਕਰ ਦਿੱਤਾ ਸੀ ਕਿ ਹੁਣ ਤਕ ਦੇ ਪੈਦਾ ਹੋਏ ਸਭ ਬੱਚਿਆਂ ਨਾਲੋਂ ਉਹ ਨਿਰਾਲਾ ਹੈ। ਦੂਜੇ ਬੱਚਿਆਂ ਨਾਲੋਂ ਉਹਦਾ ਫ਼ਰਕ ਚਰਵਾਹਿਆਂ ਕੋਲ ਓਸੇ ਵੇਲੇ ਫ਼ਰਿਸ਼ਤੇ ਦੇ ਐਲਾਨ ਤੋਂ ਪਤਾ ਲਗਦਾ ਹੈ। ਫ਼ਰਿਸ਼ਤਿਆਂ ਦੇ ਮੁਤਾਬਕ ਯਿਸੂ ਕੌਣ ਹੈ?

*ਉਹ ਸਾਡਾ ਮੁਕਤੀਦਾਤਾ ਹੈ।* ਚਰਵਾਹਿਆਂ ਕੋਲ ਇਕ ਸਵਰਗਦੂਤ ਨੇ ਪਰਗਟ ਹੋ ਕੇ ਕਿਹਾ ਸੀ, ''ਮੈਂ ਤੁਹਾਨੂੰ ਵੱਡੀ ਖ਼ੁਸ਼ੀ ਦੀ ਖਬਰ ਸੁਣਾਉਂਦਾ ਹਾਂ ਜੋ ਸਾਰੀ ਪਰਜਾ ਲਈ ਹੋਵੇਗੀ। ਇਕ ਮੁਕਤੀਦਾਤਾ ਪੈਦਾ ਹੋਇਆ ਹੈ'' (ਲੂਕਾ 2:10, 11)। ਯਿਸੂ ਦਾ ਨਾਂਅ ''ਯਿਸੂ'' ਇਸ ਲਈ ਰੱਖਿਆ ਗਿਆ ਕਿਉਂਕਿ ਉਹਨੇ ਆਪਣੇ ਲੋਕਾਂ ਨੂੰ ਉਨ੍ਹਾਂ ਦੇ ਪਾਪਾਂ ਤੋਂ ਬਚਾਉਣਾ ਸੀ (ਮੱਤੀ 1:21)।

*ਉਹ ਮਸੀਹ ਹੈ।* ਫ਼ਰਿਸ਼ਤੇ ਨੇ ਅੱਗੇ ਕਿਹਾ, ''ਜਿਹੜਾ ਮਸੀਹ ਪ੍ਰਭੂ ਹੈ'' (ਲੂਕਾ 2:11)। ਮਸੀਹ ਦਾ ਅਰਥ ਹੈ ''ਮਸਹ ਕੀਤਾ ਹੋਇਆ'' ਜਾਂ ਚੁਣਿਆ ਹੋਇਆ। ਯੂਨਾਨੀ ਸ਼ਬਦ ''ਖ੍ਰਿਸਟੁਸ'' ਇਬਰਾਨੀ ਸ਼ਬਦ ''ਮਸੀਹ/ਮਸਾਯਾਹ'' ਦਾ ਸਮਾਨਾਰਥਕ ਹੈ। ਯਿਸੂ ਪ੍ਰਮੇਸ਼ਵਰ ਦਾ ਵਾਅਦਾ ਕੀਤਾ ਹੋਇਆ ਮਸੀਹ ਸੀ। ਉਹ ਪੁਰਾਣੇ ਨੇਮ ਦੀਆਂ ਸਾਰੀਆਂ ਨਬੂਵਤਾਂ ਨੂੰ ਪੂਰਾ ਕਰਨ ਅਤੇ ਰੂਹਾਨੀ ਇਸਰਾਏਲ ਉੱਤੇ ਰਾਜਾ ਬਣਨ ਲਈ ਪ੍ਰਮੇਸ਼ਵਰ ਵੱਲੋਂ ਭੇਜਿਆ ਹੋਇਆ ਹੈ (ਲੂਕਾ 1:31-34)।

*ਉਹ ਪ੍ਰਭੂ ਹੈ।* ਫ਼ਰਿਸ਼ਤੇ ਨੇ ਕਿਹਾ, ''ਉਹ ਪ੍ਰਭੂ ਹੈ'' (ਲੂਕਾ 2:11)। ਉਹ ਸਰਵੋਤਮ, ਰਾਜਿਆਂ ਦਾ ਰਾਜਾ ਹੈ। ਉਹ ਸਿਰਫ਼ ਸਾਡਾ ਮੁਕਤੀਦਾਤਾ ਹੀ ਨਹੀਂ ਹੈ ਸਗੋਂ ਸਾਨੂੰ ਚਾਹੀਦਾ ਹੈ ਕਿ ਅਸੀਂ ਪ੍ਰਭੂ ਦੇ ਰੂਪ ਨੂੰ ਜਾਣੀਏ। ਸਾਡੇ ਛੁਟਕਾਰਾ ਦੇਣ ਵਾਲੇ ਦੇ ਰੂਪ ਵਿਚ ਉਹ ਸਾਨੂੰ ਬਚਾਉਂਦਾ ਹੈ; ਪਰ ਸਾਡੇ ਕਪਤਾਨ ਦੇ ਨਾਤੇ ਉਹ ਸਾਨੂੰ ਹੁਕਮ ਦਿੰਦਾ ਹੈ।

ਬੈਤਲਹਮ ਵਿਚ ਪੈਦਾ ਹੋਇਆ ਇਹ ਕਿੰਨਾ ਅਜੀਬ ਬੱਚਾ ਹੈ? ਕੀ ਅਸੀਂ ਉਹਨੂੰ ''ਇਹੀ ਬੱਚਾ ਹੈ!'' ਕਹਿ ਕੇ ਫਿਰ ਉਸ ਨੂੰ ਦੂਜੇ ਬੱਚਿਆਂ ਵਾਂਗ ਹੀ ਵੇਖ ਸਕਦੇ ਹਾਂ? ਜਾਂ, ਅਸੀਂ ਆਪਣੇ ਰਾਜੇ ਦੇ ਤੌਰ ਤੇ ਉਹਨੂੰ ਸਿਜਦਾ ਕਰਾਂਗੇ? ਫ਼ਰਿਸ਼ਤੇ ਦੇ ਅਨੁਸਾਰ ਉਹ ਸਾਡਾ ਮੁਕਤੀ ਦਾਤਾ, ਸਾਡਾ ਪ੍ਰਭੂ ਤੇ ਮਸੀਹ ਹੈ। ਉਸ ਬੱਚੇ ਨੂੰ ਨਜ਼ਰਅੰਦਾਜ਼ ਕਰਕੇ, ਤੁਹਾਨੂੰ ਹਮੇਸ਼ਾ ਦੀ ਮੌਤ ਝੱਲਣੀ ਪਵੇਗੀ।